# ਸਮਤਾ

ਅਗਸਤ 1984 (ਅੰਕ 51)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਗਸਤ 1984 — 51
ਮੁੱਲ—ਦੋ ਰੁਪਏ

ਇਸ ਅੰਕ ਵਿਚ —ਸੰਪਾਦਕੀ : ਅਹਿਸਾਸ ਦੀ ਲੋੜ

ਲੋਕ ਰਾਇ : ਪੰਜਾਬ ਬਨਾਮ ਪੰਜਾਬ — 1. ਰਾਏਆਮਾ ਦਾ ਸਰਵੇਖਣ/ਇਲਸਟਰੇਟਿਡ ਵੀਕਲੀ ਦੀ ਇਕ ਲਿਖਤ 2. ਹੁਣ ਕੀ ਕਰਨਾ ਹੈ/ਅਵਤਾਰ ਸਿੰਘ ਮਲਹੋਤਰਾ 3. ਪੰਜਾਬ ਸਾਨੂੰ ਕੀ ਸਬਕ ਸਿਖਾਂਦਾ ਹੈ ?/ਅਰੁਨ ਸ਼ੋਰੀ 4. ਫੌਜ ਅਤੇ ਪੰਜਾਬ/ਇਕ ਫੌਜੀ ਦੀ ਚਿੱਠੀ 5. ਮੰਦਭਾਗੀ ਘਟਨਾਵਾਂ ਦੇ ਸਬਕ/ਸਤਪਾਲ ਡਾਂਗ 6. ਸਾਡੀ ਹਮਦਰਦੀ ਦੇ ਹਕਦਾਰ ਸਾਧਾਰਨ ਫੌਜੀ ਜਿਨ੍ਹਾਂ ਬਗਾਵਤ ਕੀਤੀ/ਕਰਨਲ ਐਮ.ਐਸ ਸਿੱਧੂ 7. ਕਾਲੇ ਹਾਸ਼ੀਏ ਦੇ ਸੁਨਹਿਰੀ ਅੱਖਰ/ਸੁਰਜੀਤ ਆਲਮ 8. ਪੰਜਾਬ ਸੰਕਟ ਵਿਚ ਨਕਸਲਵਾੜੀਆਂ ਦੀ ਭੂਮਿਕਾ/ਦਕਨ ਹੈਰਾਲਡ ਵਿਚ ਇਕ ਟਿਪਣੀ 9. ਦੇਸ਼ ਦੀ ਏਕਤਾ ਦੇ ਪ੍ਰਸੰਗ ਵਿਚ ਪੰਜਾਬ ਦਾ ਸੰਕਟ/ਨਿਰਮਲ ਮੁਕਰਜੀ 10. ਧਾਰਮਕ ਸਥਾਨਾਂ ਦੀ ਬੇਅਦਬੀ-ਜ਼ੁੰਮੇਵਾਰ -ਕੌਣ/ਜ਼ਫਰਨਾਮਾ ਤੋਂ ਧੰਨਵਾਦ ਸਹਿਤ 11. ਸਾਬਕ ਬੀ. ਐਸ. ਐਫ ਦੇ ਡਾਇਰੈਕਟਰ ਜਨਰਲ ਅਸ਼ਵਨੀ ਕੁਮਾਰ ਦੇ ਨਾਂ ਇਕ ਨਕਸਲੀ ਦੀ ਖੁਲ੍ਹੀ ਚਿੱਠੀ 12. ਕੌਮੀ ਪ੍ਰੈਸ ਵਿਚ ਪੱਖਵਾਦੀ ਦੇ ਰੁਝਾਨ (ਨਕਸਲਵਾੜੀਆਂ ਦੀ ਭੂਮਿਕਾ) 13. ਖੁਸ਼ਵੰਤ ਸਿੰਘ ਬਨਾਮ ਇੰਦਰਾ ਗਾਂਧੀ

ਹੋਰ ਲਿਖਤਾਂ :

1. ਗਵਰਨਰ ਪਾਂਡੇ ਨਹੀਂ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਸਤੀਫਾ ਦੇਵੇ/ਸ੍ਰੀ ਗੁਪਤਾ 2. ਧਰਮ ਨਿਰਪੱਖਤਾ ਇਕ ਟਿੱਪਣੀ 3. ਪਿੰਡ ਤੋਂ ਆਈ ਇਕ ਚਿੱਠੀ ਦਾ ਇਕ ਫੌਜੀ ਵੱਲੋਂ ਜਵਾਬ 4. ਲੋੜ ਹੈ, ਧਰਮ ਨਿਰਪੱਖਤਾ ਵਾਲੀ ਪੰਜਾਬ ਪੱਧਰ ਦੀ ਇਕ ਰਾਜਸੀ ਪਾਰਟੀ/ਗੁਰਤੇਜ ਸਿੰਘ, ਰੌਸ਼ਨ ਲਾਲ—ਪਟਿਆਲਾ 5. ਫੌਜੀ ਕਾਰਵਾਈ ਸਿਰਫ ਭਿੰਡਰਾਂਵਾਲੇ ਦੇ ਵਿਰੁੱਧ ਨਹੀਂ ਸੀ—ਨਿਊਜ਼ ਐਂਡ ਵੀਕਲੀ ਟਿਪਣੀ।

ਕ੍ਰਾਂਤੀਕਾਰੀ ਸਾਹਿਤ ਸਭਾ ਦਾ ਪਰਚਾ—ਜਸਵੰਤ ਕੰਵਲ ਦਾ ਮੁਲਅੰਕਣ।

ਪਾਠਕ ਲੇਖਕ ਫੋਰਮ :—ਗੁਰਨਾਮ ਸਿੰਘ, ਬਲਬੀਰ ਪਰਵਾਨਾ, ਅਮ੍ਰਿਤ, ਗੁਰਮੀਤ ਕਲਰ ਮਾਜਰੀ, ਡਾ. ਗੁਰਦਿਆਲ ਸਿੰਘ ਫੁੱਲ, ਰਾਬਿੰਦਰ ਸਿੰਘ ਬਾਠ। **ਤੇ ਸਫਾ 34 ਤੇ ਪੰਜਾਬ ਦੀ ਸਥਿਤੀ ਬਾਰੇ ਸੰਪਾਦਕੀ ਨੋਟ**

**ਨੋਟ**—ਅਗਲਾ ਅੰਕ ਵਿਚ ਪੰਜਾਬ ਦੀ ਸਥਿਤੀ ਦੇ ਵਿਗਿਆਨਕ ਵਿਸ਼ਲੇਸ਼ਣ ਬਾਰੇ ਮਾਰਕਸੀ ਵਿਚਾਰ ਮੰਚ ਪਟਿਆਲਾ ਅਤੇ ਹੋਰ ਸਿਧਾਂਤਕਾਰਾਂ ਦੀਆਂ ਲਿਖਤਾਂ ਦਾ ਅੰਕ ਹੋਵੇਗਾ।

## ਸੰਪਾਦਕੀ : ਲੋੜ ਅਹਿਸਾਸ ਦੀ ਹੈ

ਹਿੰਦੋਸਤਾਨ ਭਰ ਵਿਚ ਇੱਛਾਂ ਪਰਗਟ ਕੀਤੀ ਜਾ ਰਹੀ ਹੈ ਕਿ ਪੰਜਾਬ ਨੂੰ ਮਰਹਮੀ ਛੋਹ ਦੀ ਲੋੜ ਹੈ ਪਰ ਸਮਾਂ ਮੰਗ ਕਰਦਾ ਹੈ ਕਿ ਇਸ ਮਰਹਮ ਨਾਲੋਂ ਪੰਜਾਬ ਦੇ ਵੱਖ ਵੱਖ ਫਿਰਕਿਆਂ ਨੂੰ ਅਹਿਸਾਸ ਦੀ ਵੱਧ ਲੋੜ ਹੈ।

ਹਿੰਦੂ ਵੀਰਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ—

- ਜੇਕਰ ਉਹ ਪੰਜਾਬ ਵਿਚ ਰਹਿ ਰਹੇ ਹਨ ਤਾਂ ਉਹਨਾਂ ਲਈ ਇਥੋਂ ਦੇ ਸਭਿਆਚਾਰ ਅਤੇ ਬੋਲੀ ਨੂੰ ਅਪਣਾਉਣਾ ਜ਼ਰੂਰੀ ਹੈ। ਇਹ ਬੋਲੀ ਅਤੇ ਸਭਿਆਚਾਰ ਸਭ ਦੇ ਸਾਂਝੇ ਹਨ।
- ਫੌਜ ਨਹੀਂ, ਸਗੋਂ ਆਪਸੀ ਭਾਈਚਾਰਕ ਸਦਭਾਵਨਾ ਉਨ੍ਹਾਂ ਦੀ ਰਖਵਾਲੀ ਦੀ ਗਰੰਟੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਇੱਕਾ ਦੁੱਕਾ ਗ਼ੈਰ ਜ਼ਿਮੇਵਾਰ ਅਨਸਰ ਦੀ ਕਹੀ ਕਿਸੇ ਗੱਲ ਨੂੰ ਤੂਲ ਨਾ ਦੇਣ, ਸਗੋਂ ਉਹਨਾਂ ਮਿਸਾਲਾਂ ਦਾ ਜ਼ਿਕਰ ਕਰਨ, ਜਦੋਂ ਡਰ ਦੇ ਕਾਰਨ ਉਹ ਪਿੰਡਾਂ ਵਿਚੋਂ ਅਪਣੇ ਘਰਾਂ ਤੋਂ ਨਿਕਲਕੇ ਗਏ ਤਾਂ ਉਹ ਕੌਣ ਸਨ ਜੋ ਇਕੱਠੇ ਹੋ ਕੇ ਗਏ ਅਤੇ ਇਜ਼ਤ ਨਾਲ ਉਹਨਾਂ ਨੂੰ ਘਰਾਂ ਵਿਚ ਵਾਪਸ ਲਿਆਏ।
- ਫੌਜੀ ਐਕਸ਼ਨ, ਜੋ ਹਰਮੰਦਰ ਸਾਹਿਬ ਕੰਮਪਲੈਕਸ ਵਿਚ ਹੋਇਆ, ਉਹ ਕੋਈ ਸ਼ਾਨਦਾਰ ਰਵਾਇਤ ਵਿਚ ਨਹੀਂ ਹੋਇਆ। ਸਗੋਂ ਕਾਫੀ ਨਾਲਾਇਕੀ ਨਾਲ ਕੀਤਾ ਗਿਆ। ਗਿਣਤੀ ਦੇ ਕੁਝ ਲੋਕਾਂ ਨੂੰ ਫੜਣ ਲਈ ਹਜ਼ਾਰਾਂ ਬੇਗੁਨਾਹਾਂ ਲੋਕਾਂ ਦੇ ਕਤਲ ਹੋਏ, ਕਿੰਨੇ ਹੀ ਫੌਜੀ ਜਵਾਨ ਅਜਾਂਈ ਮਾਰੇ ਗਏ। ਇਕ ਪਵਿਤ੍ਰ ਅਤੇ ਸ਼ਾਨਦਾਰ ਅਸਥਾਨ ਦੀ ਤਬਾਹੀ ਕੀਤੀ ਗਈ। ਵੱਡ ਮੁਲੀਆਂ ਕਿਤਾਬਾਂ ਤੇ ਹੱਥ ਲਿਖਤਾਂ ਬਰਬਾਦ ਹੋ ਗਈਆਂ। ਅਪਣੀ ਰੋਜ਼

ਦੀ ਗੱਲਬਾਤ ਵਿਚ ਇਸ ਫੌਜੀ ਕਾਰਵਾਈ ਦੀ, ਜਾਂ ਇਹਦੇ ਜਰਨੈਲਾਂ ਦੀ ਜਾਂ ਇਸ ਐਕਸ਼ਨ ਦਾ ਆਰਡਰ ਦੇਣ ਵਾਲੀ 'ਦੁਰਗਾ ਰਾਣੀ ਦੀ ਤਾਰੀਫ ਕਰਦੀ ਬਣਦੀ ਨਹੀਂ'।

- ਇਹ ਫੌਜ ਉਹਨਾਂ ਦੀ ਰਖਿਆ ਲਈ ਨਹੀਂ ਭੇਜੀ ਗਈ ਸੀ। ਉਹ ਤਾਂ ਪਿਛਲੇ ਤਿੰਨ ਸਾਲ ਤੋਂ ਇੱਕਾ-ਦੁੱਕਾ ਮਰ ਰਹੇ ਸੀ, ਉਸ ਵੇਲੇ ਤਾਂ ਉਹਨਾਂ ਦੀ ਮੱਦਦ ਲਈ ਕੋਈ ਨਹੀਂ ਬਹੁੜਿਆ। ਫੌਜ ਭੇਜਣ ਦਾ ਮੰਤਵ ਉਹਨਾਂ ਦੀ ਰਖਵਾਲੀ ਕਰਨਾ ਜਾਂ ਦੇਸ਼ ਦੀ ਏਕਤਾ ਕਾਇਮ ਕਰਨਾ ਨਹੀਂ ਸੀ, ਸਗੋਂ ਚੋਣਾਂ ਵਿਚ ਵੋਟ ਬੈਂਕ ਨੂੰ ਉਹਨਾਂ ਦੀਆਂ ਵੋਟਾਂ ਨਾਲ ਵਾਧਾ ਕਰਨਾ ਸੀ।

ਸਿਖ ਵੀਰਾਂ ਨੂੰ ਇਹ ਅਹਿਸਾਸ ਹੋਣ ਚਾਹੀਦਾ ਹੈ ਕਿ—

- ਹਰਮੰਦਰ ਸਾਹਿਬ ਦੀ ਤਬਾਹੀ ਦੇ ਕਾਰਨਾਂ ਵਿਚੋਂ ਇਕ ਕਾਰਨ ਇਹ ਵੀ ਹੈ ਕਿ ਉਥੇ ਕੁਝ ਐਸੀਆਂ ਅਯੋਗ ਕਾਰਵਾਈਆਂ ਹੋਈਆਂ ਸਨ, ਜੋ ਨਹੀਂ ਹੋਣੀਆਂ ਚਾਹੀਦੀਆਂ ਸਨ।
- ਪੰਜਾਬ ਦੇ ਮਸਲੇ ਸਾਂਝੇ ਫੋਰਮ ਤੋਂ ਹੀ ਉਠਾਏ ਜਾ ਸਕਦੇ ਹਨ। ਜੇ ਬਹੁਤੇ ਹਿੰਦੂ ਹਾਲੇ ਇਹਦਾ ਅਹਿਸਾਸ ਨਹੀਂ ਕਰਦੇ, ਕੁਝ ਤਾਂ ਜ਼ਰੂਰ ਕਰਦੇ ਹਨ, ਫੇਰ ਹਰੀਜਨ ਹਨ, ਮੁਸਲਮਾਨ ਹਨ, ਇਸਾਈ ਹਨ। ਬਿਜਲੀ ਪਾਣੀ ਦੀ ਸਭ ਨੂੰ ਲੋੜ ਹੈ। ਗੰਦੇ ਸਰਕਾਰੀ ਪ੍ਰਬੰਧ ਤੋਂ ਸਭ ਤੰਗ ਹਨ। ਪਰ ਜਦੋਂ ਮੋਰਚੇ ਧਾਰਮਕ ਅਸਥਾਨਾਂ ਤੋਂ ਚਲੇ ਜਾਣ, ਤਾਂ ਫੇਰ ਇਹ ਇਕੋ ਧਰਮ ਦੀਆਂ ਮੰਗਾਂ ਹੋ ਕੇ ਰਹਿ ਜਾਂਦੀਆਂ ਹਨ।
- ਅਜ ਦੀ ਸਿਆਸਤ ਲਈ ਬੜੇ ਵਿਸ਼ਾਲ ਮੰਚ ਮੌਜੂਦ ਹਨ। ਗੁਰਦੁਆਰਿਆਂ ਦੇ ਸੀਮਤ ਮੰਚ ਉਤੇ ਸਿਆਸਤ ਸੌੜੀਆਂ ਵਲਗਣਾਂ ਵਿਚ ਕੈਦ ਹੋ ਜਾਂਦੀ ਹੈ ਅਤੇ ਇਹਦੇ ਨਤੀਜੇ ਲੋਕਾਂ ਲਈ ਕਦੇ ਵੀ ਚੰਗੇ ਨਹੀਂ ਨਿਕਲ ਸਕਦੇ।
- ਇਸ ਹਿੰਦੋਸਤਾਨ ਦੇ ਨਿਜ਼ਾਮ ਵਿਚ ਵਿਤਕਰਾ ਸਿੱਖਾਂ ਨਾਲ ਨਹੀਂ, ਸਭ ਗਰੀਬ ਲੋਕਾਂ ਨਾਲ ਹੋ ਰਿਹਾ ਹੈ, ਉਹ ਭਾਵੇਂ ਕਿਸੇ ਵੀ ਧਰਮ ਨਾਲ ਤੁਅਲਕ ਰਖਦੇ ਹੋਣ। ਵਿਤਕਰਿਆਂ ਦੇ ਕਾਰਨ ਧਰਮ ਜਾਂ ਇਲਾਕਾ ਨਹੀਂ, ਆਰਥਕ ਹਨ। ਧਰਮ ਦੇ ਨਾਂ ਵਿਤਕਰਾ ਹੁੰਦਾ ਤਾਂ ਗਿਆਨੀ ਜ਼ੈਲ ਸਿੰਘ ਪ੍ਰਧਾਨ ਨਾ ਹੁੰਦਾ। ਕੋਲ ਇੰਡੀਆ (CoAL INDIA) ਵਰਗੀ ਵਡੀ ਕਾਰਪੋਰੇਸ਼ਨ ਦਾ ਜੈਨਰਲ ਮੈਨੇਜਰ ਮਹਿੰਦਰ ਸਿੰਘ ਗੁਜਰਾਲ ਨਾ ਹੁੰਦਾ। ਮਸਲੇ ਨੂੰ ਸਹੀ ਰੰਗਤ ਵਿਚ ਵੇਖਣ ਦੀ ਲੋੜ ਹੈ।

  - **ਗਰੀਬ ਅਮੀਰ ਦੇ ਵਿਤਕਰੇ ਨੂੰ ਤੋੜਨ ਲਈ ਹਿੰਦੋਸਤਾਨ ਭਰ ਵਿਚ ਸੰਘਰਸ਼ ਹੋ ਰਹੇ ਹਨ। ਇਹ ਸੰਘਰਸ਼ ਹੀ ਅਵਾਮ ਦੀ ਭਲਾਈ ਦੀ ਗਰੰਟੀ ਹਨ। ਤੇ ਅਵਾਮ ਵਿਚ ਸਿਖ ਅਵਾਮ ਵੀ ਆਂਦੇ ਹਨ, ਹਿੰਦੂ ਅਵਾਮ ਵੀ ਆਂਦੇ ਹਨ। ਆਓ ਅਸੀਂ ਸਾਰੇ ਇਹਨਾਂ ਸੰਘਰਸ਼ਾਂ ਵਿਚ ਆਪਣੀ ਬਣਦਾ ਹਿੱਸਾ ਪਾਈਏ।**

—ਗੁਰਸ਼ਰਨ ਸਿੰਘ

---

## ਇਕ ਵਿਸ਼ਾਲ ਕਨਵੈਨਸ਼ਨ

- ਪੰਜਾਬ ਸਾਰੇ ਪੰਜਾਬੀਆਂ ਦਾ ਸਾਂਝਾ ਹੈ, ਇਹਦਾ ਲੋਕਾਂ ਦੇ ਹਿੱਤ ਵਿਚ ਫਿਰਕੂ ਸਦਭਾਵਨਾ ਨੂੰ ਕਾਇਮ ਰਖਣਾ ਜ਼ਰੂਰੀ ਹੈ।
- ਪੰਜਾਬ ਨੂੰ ਫੌਜੀ ਰਾਜ ਅਤੇ ਫਿਰਕੂ ਜਨੂੰਨ ਦੋਨਾਂ ਦੀ ਦਹਿਸ਼ਤ ਤੋਂ ਸੁਰਖੁਰੂ ਕਰਵਾਉਣਾ ਹੈ।
- ਤਾਨਾਸ਼ਾਹੀ ਕਾਨੂੰਨਾਂ ਵਿਰੁੱਧ ਸਰਗਰਮ ਸੰਘਰਸ਼ ਕਰਨਾ ਹੈ, ਜਿਨ੍ਹਾਂ ਰਾਹੀਂ ਲੋਕਾਂ ਦੇ ਜਮਹੂਰੀ ਹੱਕਾਂ ਉਤੇ ਛਾਪਾ ਮਾਰਿਆ ਜਾ ਰਿਹਾ ਹੈ।

ਲੋਕਰਾਏ ਨੂੰ ਇਨ੍ਹਾਂ ਧਾਰਨਾਵਾਂ ਦੁਆਲੇ ਲਾਮਬੰਦ ਕਰਨ ਲਈ ਇਕ ਵਿਸ਼ਾਲ ਕਨਵੈਨਸ਼ਨ 19 ਅਗਸਤ 1984 ਦਿਨ ਦੇ ਦੱਸ ਵਜੇ ਦੇਸ਼ ਭਗਤ ਹਾਲ ਜਲੰਧਰ ਵਿਚ ਕੀਤੀ ਜਾ ਰਹੀ ਹੈ। ਤੁਹਾਨੂੰ ਸੱਦਾ ਹੈ।

ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ — ਗੁਰਸ਼ਰਨ ਸਿੰਘ, ਕਨਵੀਨਰ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਧਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖ਼ਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ। ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਪੰਜਾਬ ਬਨਾਮ ਪੰਜਾਬ

ਪੰਜਾਬ ਦਾ ਜਨਜੀਵਨ ਇਕ-ਵਿਸਫੋਟਕ ਹਾਲਤ ਵਿਚ ਹੈ। ਆਮ ਪ੍ਰਭਾਵ ਹੈ ਕਿ ਹਿੰਦੂ ਅਤੇ ਸਿੱਖ ਜੋ ਦੋ ਵੱਡੇ ਫਿਰਕੇ ਇਸ ਸੂਬੇ ਦੇ ਰਹਿਣ ਵਾਲੇ ਹਨ, ਉਹਨਾਂ ਦੀ ਸੋਚਣੀ ਬਿਲਕੁਲ ਇਕ ਦੂਜੇ ਦੇ ਉਲਟ ਚਲ ਰਹੀ ਹੈ। ਨਫ਼ਰਤਾਂ ਵਧ ਰਹੀਆਂ ਹਨ। ਹਰ ਇਕ ਵਾਪਰ ਰਹੀ ਘਟਨਾ ਭਾਵੇਂ ਉਹ ਹਵਾਈ ਜਹਾਜ਼ ਦੇ ਹਾਈ ਜੈਕ ਦੀ ਹੋਵੇ ਜਾਂ ਬਿਜਲੀ ਦੇ ਪ੍ਰਬੰਧਕੀ ਸੰਕਟ ਦੀ ਹੋਵੇ, ਜਾਂ ਇਮਤਿਹਾਨ ਨਾਂ ਹੋਣ ਕਰਕੇ ਲੱਖਾਂ ਵਿਦਿਆਰਥੀਆਂ ਦੇ ਇਕ ਸਾਲ ਜ਼ਾਇਆ ਹੋਣ ਦੀ ਹੋਵੇ, ਭਾਵੇਂ ਫੌਜੀ ਕਾਰਵਾਈ ਤੋਂ ਪਹਿਲਾਂ ਬੇਗੁਨਾਹਾਂ ਦੇ ਕਤਲ ਬਾਰੇ ਹੋਵੇ, ਝੂਠੇ ਪੁਲਸ ਮੁਕਾਬਲਿਆਂ ਵਿਚ ਕੇਸਾ ਧਾਰੀਆਂ ਦੇ ਕਤਲ ਬਾਰੇ ਹੋਵੇ, ਭਾਵੇਂ ਦਰਬਾਰ ਸਾਹਿਬ 'ਚ ਫੌਜੀ ਕਾਰਵਾਈ ਵੇਲੇ ਨੁਕਸਾਨ ਬਾਰੇ ਹੋਵੇ, ਦੋਨੋਂ ਫਿਰਕਿਆਂ ਦੇ ਪ੍ਰਤੀਕਰਮ ਇਕ ਦੂਜੇ ਦੇ ਉੱਲਟ ਧਾਰਾਵਾਂ ਵਿਚ ਚਲਦੇ ਹਨ। ਦਲੀਲ ਨੂੰ ਤਰੋੜ ਮਰੋੜ ਕੇ ਆਪਣਾ ਪੱਖ ਪੂਰਾ ਕਰ ਲਿਆ ਜਾਂਦਾ ਹੈ। ਆਪਣੀ ਨਫ਼ਰਤ ਜਾਂ ਰੋਸੇ ਲਈ ਠੋਸ ਜ਼ਮੀਨ ਤਿਆਰ ਕਰ ਲਈ ਜਾਂਦੀ ਹੈ ਤੇ ਆਪਣੇ ਆਪ ਨੂੰ ਸਹੀ ਮੰਨ ਲਿਆ ਜਾਂਦਾ ਹੈ। ਇਹ ਇਕ ਬਹੁਤ ਵੱਡਾ ਦੁਖਾਂਤ ਹੈ। ਜਨਜੀਵਨ ਵਿਚ ਇਕ ਜ਼ਹਿਰ ਭਰ ਰਿਹਾ ਹੈ। ਜੇ ਇੱਕੋ ਥਾਂ ਰਹਿਣ ਵਾਲੇ ਅਵਾਮ ਦੋ ਸਪਸ਼ਟ ਹਿਸਿਆਂ ਵਿਚ ਵੰਡੇ ਗਏ ਤਾਂ ਜ਼ਿੰਦਗੀ ਨੂੰ ਬੇਹਤਰ ਬਨਾਉਣ ਵਾਸਤੇ ਵਿੱਢਿਆ ਕੋਈ ਵੀ ਸੰਘਰਸ਼ ਕਦੀ ਵੀ ਸਫ਼ਲ ਨਹੀਂ ਹੋ ਸਕੇਗਾ। ਬਜਾਏ ਇਸਦੇ ਕਿ ਇਕ ਮਸਲੇ ਨੂੰ ਇਕ ਪੱਖ ਤੋਂ ਦੇਖਦੇ ਜਾਂ ਸੁਣਦੇ ਆਪਣੀ ਰਾਏ ਬਣਾਈਏ, ਹਾਲਾਤ ਨੂੰ ਵੱਖ ਵੱਖ ਦ੍ਰਿਸ਼ਟੀਕੋਨ ਤੋਂ ਜਾਣਕੇ ਅਸੀਂ ਸਹੀ ਰਾਏ ਬਣਾ ਸਕਦੇ ਹਾਂ। ਇਸੇ ਮੰਤਵ ਲਈ ਅਸੀਂ ਪੰਜਾਬ ਦੇ ਹਾਲਾਤ ਬਾਰੇ ਲੋਕਾਂ ਦੀ ਵੱਖ ਵੱਖ ਰਾਵਾਂ ਅਤੇ ਕੌਮੀ ਪ੍ਰੈਸ ਦੀਆਂ ਕੁਝ ਚੋਣਵੀਆਂ ਲਿਖਤਾਂ ਸਮਤਾ ਦੇ ਇਸ ਅੰਕ ਵਿਚ ਦੇ ਰਹੇ ਹਾਂ। ਆਪਣੀ ਰਾਏ ਵੀ ਸੰਪਾਦਕੀ ਨੋਟ ਵਿਚ ਦੇਣ ਦਾ ਯਤਨ ਕੀਤਾ ਹੈ। **ਸੰਪਾਦਕ**

## 1. ਰਾਏਆਮਾਂ ਦਾ ਸਰਵੇਖਣ

ਇਲਸਟਰੇਟਿਡ ਵੀਕਲੀ ਦੇਸ਼ ਦਾ ਸਭ ਤੋਂ ਵੱਧ ਜਾਣਿਆ ਜਾਂਦਾ ਸਪਤਾਹਿਕ ਪਤ੍ਰ ਹੈ। ਪੰਜਾਬ ਦੀਆਂ ਘਟਨਾਵਾਂ ਬਾਰੇ ਰਾਏਆਮਾ ਜਾਣਨ ਲਈ ਤੇ ਖਾਸ ਕਰਕੇ ਸਿਖਾਂ ਦਾ ਪ੍ਰਤੀਕਰਮ ਜਾਣਨ ਲਈ ਇਸ ਪਤ੍ਰ ਨੇ ਇੰਡੀਅਨ ਮਾਰਕਿਟ ਰੀਸਰਚ ਬਿਊਰੋ (IMRB) ਦੀ ਸਹਾਇਤਾ ਨਾਲ ਇਕ ਸਰਵੇਖਣ ਕੀਤਾ ਹੈ। ਇਹ ਸਰਵੇਖਣ ਹਿੰਦੁਸਤਾਨ ਦੇ ਵਡੇ ਚਾਰ ਸ਼ਹਿਰਾਂ ਬੰਬਈ, ਦਿੱਲੀ, ਕਲਕੱਤਾ ਅਤੇ ਮਦਰਾਸ ਵਿਚ ਕੀਤਾ ਗਿਆ। 16-20 ਜੂਨ ਦੇ ਦਰਮਿਆਨ 1036 ਲੋਕਾਂ ਤਕ ਪਹੁੰਚ ਕੀਤੀ ਗਈ। ਇਹਨਾਂ ਵਿਚ 151 ਸਿਖ, 505 ਹਿੰਦੂ, 207 ਮੁਸਲਮਾਨ ਅਤੇ 173 ਬਾਕੀ ਲੋਕ ਸਨ, ਜਿਨ੍ਹਾਂ ਵਿਚ ਇਸਾਈ, ਪਾਰਸੀ ਆਦਿਕ ਆਂਦੇ ਸਨ। ਉਹਨਾਂ ਕੋਲੋਂ ਹੇਠ ਲਿਖੇ ਸਵਾਲ ਪੁਛੇ ਗਏ।

1. ਕੀ ਨੀਲਾ ਤਾਰਾ ਫੌਜੀ ਕਾਰਵਾਈ (Operation Blue Star) ਦੀ ਲੋੜ ਸੀ ?
2. ਕੀ ਫੌਜੀ ਕਾਰਵਾਈ ਨਤੀਜੇ ਹਾਂ ਪੱਖੀ ਸਨ ਜਾਂ ਨਾਂ ਪੱਖੀ ਸਨ ?
3. ਕੀ ਭਿੰਡਰਾਂਵਾਲਾ ਸ਼ਹੀਦ ਸੀ ਜਾਂ ਇਕ ਅਤਿਵਾਦੀ ਸੀ?
4. ਪੰਜਾਬ ਦੀਆਂ ਅਖਬਾਰਾਂ ਤੇ ਜੋ ਸੈਂਸਰ ਬਿਠਾ ਦਿਤਾ ਗਿਆ। ਉਹ ਠੀਕ ਸੀ ਜਾਂ ਗਲਤ ?
5. ਪੰਜਾਬ ਚੋ ਸੰਕਟ ਦਾ ਜ਼ਿਮੇਵਾਰ ਕਿਸਨੂੰ ਠਹਿਰਾਇਆ ਜਾ ਸਕਦਾ ਹੈ ?
6. ਸਰਕਾਰ ਨੇ ਜਿਸ ਤਰ੍ਹਾਂ ਅਕਾਲੀ ਮੋਰਚੇ ਨਾਲ ਨਜਿਠਿਆ ਹੈ, ਉਹ ਠੀਕ ਸੀ ਜਾਂ ਗਲਤ ?
7. ਇਤਨੇ ਹਥਿਆਰ ਕਿਥੋਂ ਆਏ ?
8. ਕੀ ਗਿਆਨੀ ਜ਼ੈਲ ਸਿੰਘ ਨੂੰ ਅਸਤੀਫ਼ਾ ਦੇਣਾ ਚਾਹੀਦਾ ਸੀ ਜਾਂ ਜੋ ਕਾਰਵਾਈ ਉਹਨੇ ਸਿਖਾਂ ਨੂੰ ਸਮਝਾਉਣ ਦੀ ਕੀਤੀ ਹੈ, ਉਹ ਠੀਕ ਸੀ ?
9. ਕੀ ਸਿਖਾਂ ਨੂੰ ਰੋਸ ਕਰਨਾ ਚਾਹੀਦਾ ਹੈ ਜਾਂ ਨਹੀਂ ?
10. ਫੌਜ ਨੂੰ ਕਦੋਂ ਵਾਪਸ ਆਉਣਾ ਚਾਹੀਦਾ ਹੈ ?

ਸਵਾਲਾਂ ਦੇ ਜੋ ਜਵਾਬ ਸਾਹਮਣੇ ਆਏ ਹਨ ਉਸ ਤੋਂ ਸਾਰ ਹੈ ਕਿ ਹਿੰਦੂ ਅਤੇ ਸਿਖ ਰਾਵਾਂ ਵਿਚ ਸਪਸ਼ਟ ਵਖਰੇਵਾਂ ਹੈ। ਮਿਸਾਲ ਦੇ ਤੌਰ ਤੇ ਪਹਿਲੇ ਸਵਾਲ ਦੇ ਜਵਾਬ ਵਿਚ 80% ਹਿੰਦੂਆਂ ਨੇ, 62% ਮੁਸਲਮਾਨਾਂ ਨੇ ਅਤੇ 78% ਹੋਰਨਾਂ ਫਿਰਕਿਆਂ ਨੇ ਕਿਹਾ ਕਿ ਜੋ ਹਾਲਾਤ ਬਣ ਚੁਕੇ ਸਨ, ਉਹਨਾਂ ਦੇ ਹੁੰਦਿਆਂ ਇਹ ਅਪ੍ਰੇਸ਼ਨ ਬਹੁਤ ਜ਼ਰੂਰੀ ਸੀ। 55% ਸਿਖਾਂ ਨੇ ਕਿਹਾ ਕਿ ਇਹ ਬਿਲਕੁਲ ਜ਼ਰੂਰੀ ਨਹੀਂ ਸੀ, 9 ਫੀ ਸਦੀ ਨੇ ਕਿਹਾ ਕਿ ਕੁਝ ਕੁਝ ਜ਼ਰੂਰੀ ਸੀ ਪਰ 36% ਨੇ ਕਿਹਾ ਕਿ ਇਹ ਜ਼ਰੂਰੀ ਸੀ। ਅਖਬਾਰ ਵਲੋਂ ਇਸ ਬਾਰੇ ਇਹ ਟਿਪਣੀ ਹੈ ਕਿ ਆਮ ਪ੍ਰਭਾਵ ਹੈ ਕਿ ਸਾਰੇ ਸਿਖ ਇਸ ਅਪ੍ਰੇਸ਼ਨ ਦੇ ਵਿਰੁਧ ਹਨ, ਪਰ ਸਰਵੇਖਣ ਦਸਦਾ ਹੈ ਕਿ 100 ਵਿਚੋਂ 36 ਸਿਖ ਇਸਦੀ ਪਰਵਾਨਗੀ ਦੇਂਦੇ ਹਨ। ਇਹ ਸਾਡੇ ਲਈ ਹੈਰਾਨੀ ਵਾਲੀ ਗੱਲ ਹੈ। 32% ਸਿਖਾਂ ਦੀ ਰਾਏ ਵਿਚ ਫੌਜ ਨੇ ਦਰਬਾਰ ਸਾਹਿਬ ਦੀ ਪਵਿਤ੍ਰਤਾ

ਕਾਇਮ ਰਖਣ ਦਾ ਮੁਸ਼ਕਿਲ ਕੰਮ ਠੀਕ ਅੰਜਾਮ ਦਿੱਤਾ ਹੈ (ਹਿੰਦੂ 86%, ਮੁਸਲਮਾਨ 78%; ਬਾਕੀ 78%). 68% ਸਿਖਾਂ ਦੀ ਰਾਏ ਇਸਦੇ ਉਲਟ ਹੈ। 49% ਸਿਖਾਂ ਦੀ ਰਾਏ ਹੈ ਕਿ ਭਿੰਡਰਾਂਵਾਲਾ ਸਿਖਾਂ ਦਾ ਸਹੀ ਲੀਡਰ ਸੀ (ਹਿੰਦੂ 2%, ਮੁਸਲਮਾਨ 8%, ਬਾਕੀ 2%). 47% ਸਿਖਾਂ ਦੀ ਰਾਏ ਸੀ ਕਿ ਭਿੰਡਰਾਂਵਾਲਾ ਬਿਲਕੁਲ ਗ਼ਲਤ ਲੀਡਰ ਸੀ, 4% ਸਿੱਖਾਂ ਨੇ ਇਸ ਬਾਰੇ ਕੋਈ ਰਾਏ ਨਹੀਂ ਦਿੱਤੀ। ਅਖਬਾਰਾਂ ਉਤੇ ਸੈਂਸਰਸ਼ਿਪ ਬਿਠਾਣ ਬਾਰੇ ਰਾਏ ਸਾਰੇ ਫਿਰਕਿਆਂ ਵਿਚ ਜਵਾਬ 50% ਹਾਂ ਵਿਚ ਸੀ, 50% ਨਾਂ ਵਿਚ ਸੀ। 82% ਸਿੱਖਾਂ ਦੀ ਰਾਏ ਵਿਚ ਪੰਜਾਬ ਦੇ ਸੰਕਟ ਦੀ ਜ਼ਿਮੇਵਾਰੀ ਕੇਂਦਰੀ ਸਰਕਾਰ ਤੇ ਹੈ (ਹਿੰਦੂ 59%, ਮੁਸਲਮਾਨ 52%, ਬਾਕੀ 58% ਇਸ ਤਰਾਂ ਸੋਚਦੇ ਹਨ) 18% ਸਿਖ ਇਹ ਜ਼ਿਮੇਵਾਰੀ ਅਤਿਵਾਦੀਆਂ ਤੇ ਸੁਟਦੇ ਹਨ। ਸਾਰੇ ਫਿਰਕਿਆਂ ਵਿਚ 60% ਦੀ ਇਹ ਰਾਏ ਸੀ ਕਿ ਜੇਕਰ ਸਰਕਾਰ ਅਕਾਲੀ ਮੋਰਚੇ ਨਾਲ ਠੀਕ ਨਜਿਠਦੀ ਤਾਂ ਇਹ ਨੌਬਤ ਇਥੋਂ ਤੱਕ ਨਹੀਂ ਸੀ ਪੁਜਣੀ। ਸਿਰਫ 4% ਸਿਖਾਂ ਅਤੇ 26% ਹਿੰਦੂਆਂ ਅਤੇ ਹੋਰ ਫਿਰਕਿਆਂ ਨੇ ਸਰਕਾਰ ਦੇ ਮੋਰਚੇ ਨਾਲ ਨਜਿੱਠਣ ਨੂੰ ਠੀਕ ਠਹਿਰਾਇਆ ਹੈ। ਬਾਕੀਆਂ ਦੀ ਕੋਈ ਰਾਏ ਨਹੀਂ ਸੀ। ਹਥਿਆਰਾਂ ਬਾਰੇ 54% ਸਿਖਾਂ ਦੀ ਇਹ ਰਾਏ ਹੈ ਕਿ ਉਹ ਪਾਕਿਸਤਾਨ ਅਤੇ ਚੀਨ ਵਿਚੋਂ ਆਏ ਹਨ (ਇਸ ਸਿਲਸਲੇ ਵਿਚ ਹਿੰਦੂ 73%, ਮੁਸਲਮਾਨ 52%, ਹੋਰ 70% ਇਹ ਰਾਏ ਰਖਦੇ ਹਨ) 46% ਸਿਖਾਂ ਦੀ ਇਹ ਰਾਏ ਹੈ ਕਿ ਇਹ ਹਥਿਆਰ ਹਿੰਦੁਸਤਾਨ ਵਿਚੋਂ ਹੀ ਵੱਖ ਵੱਖ ਥਾਵਾਂ ਤੋਂ ਬਾਕਾਇਦਾ ਖ੍ਰੀਦੇ ਗਏ ਹਨ ਅਤੇ ਹੋਰਨਾਂ ਦੇਸ਼ਾਂ ਦਾ ਨਾਂਅ ਲੈ ਕੇ ਖਾਹ ਮਖਾਹ ਇਹ ਸਾਬਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਸਿਖਾਂ ਦਾ ਸੰਘਰਸ਼ ਬਾਹਰਲੇ ਦੇਸ਼ਾਂ ਤੋਂ ਉਤਸ਼ਾਹ ਜਾਂ ਪ੍ਰੇਰਨਾ ਲੈ ਰਿਹਾ ਹੈ। ਗਿਆਨੀ ਜ਼ੈਲ ਸਿੰਘ ਦੇ ਅਸਤੀਫੇ ਬਾਰੇ 32% ਸਿਖਾਂ ਦੀ ਰਾਏ ਹੈ ਕਿ ਉਹਨਾਂ ਨੂੰ ਇਹ ਅਸਤੀਫਾ ਦੇਣਾ ਚਾਹੀਦਾ ਹੈ। ਬਾਕੀਆਂ ਦੀ ਇਹ ਰਾਏ ਹੈ ਕਿ ਇਸ ਵਿਚੋਂ ਕੁਝ ਨਹੀਂ ਨਿਕਲਣਾ। ਹਿੰਦੂਆਂ ਅਤੇ ਹੋਰ ਲੋਕਾਂ ਦੀ ਤਕਰੀਬਨ 100% ਰਾਏ ਅਸਤੀਫਾ ਨਾ ਦੇਣ ਵਿਚ ਹੈ। ਕੀ ਸਿਖਾਂ ਨੂੰ ਰੋਸ ਕਰਨਾ ਚਾਹੀਦਾ ਹੈ ਜਾਂ ਸਾਧਾਰਨ ਹਾਲਾਤ ਲਿਆਉਣ ਲਈ ਸਰਕਾਰ ਦੀ ਸਹਾਇਤਾ ਕਰਨੀ ਚਾਹੀਦੀ ਹੈ ? ਇਸ ਬਾਰੇ 51% ਸਿਖਾਂ ਦੀ ਇਹ ਰਾਏ ਹੈ ਕਿ ਸਿਖਾਂ ਨੂੰ ਹਾਲਾਤ ਨਾਰਮਲ ਲਿਆਉਣ ਵਿਚ ਸਰਕਾਰ ਦੀ ਸਹਾਇਤਾ ਕਰਨੀ ਚਾਹੀਦੀ ਹੈ। ਫੌਜ ਦੀ ਵਾਪਸੀ ਬਾਰੇ ਸਿੱਖਾਂ ਦੀ 96% ਰਾਏ ਹੈ ਕਿ ਫੌਜ ਨੂੰ ਦਰਬਾਰ ਸਾਹਿਬ ਤੋਂ ਬਾਹਰ ਆ ਜਾਣਾ ਚਾਹੀਦਾ ਹੈ। ਇਸ ਸਿਲਸਲੇ ਵਿਚ ਹਿੰਦੂ ਬਿਲਕੁਲ ਉਲਟ 95%, ਮੁਸਲਮਾਨ 52%, ਬਾਕੀ 47% ਇਹ ਗੱਲ ਆਖਦੇ ਹਨ ਕਿ ਫੌਜ ਨੂੰ ਜਿਨਾਂ ਚਿਰ ਹਾਲਾਤ ਬਿਲਕੁਲ ਨਾਰਮਲ ਨਾ ਹੋ ਜਾਣ, ਬਾਹਰ ਨਹੀਂ ਆਉਣਾ ਚਾਹੀਦਾ।

•ਇਸ ਸਰਵੇਖਣ ਬਾਰੇ ਅਖ਼ਬਾਰ ਦੀ ਰਾਏ ਹੈ ਸਿਖ ਫਿਰਕੇ ਵਿਚ ਭਾਵੇਂ ਫੌਜੀ ਅਪ੍ਰੇਸ਼ਨ ਬਾਰੇ ਡੂੰਘਾ ਰੋਸ ਹੈ ਭਾਵੇਂ ਦੂਜਿਆਂ ਫਿਰਕਿਆਂ ਅਤੇ ਉਹਨਾਂ ਦੀ ਸੋਚਣੀ ਵਿਚ ਅੰਤਰ ਹੈ, ਪਰ ਫੇਰ ਵੀ ਉਹ ਆਪਣੇ ਪੈਰਾਂ ਤੋਂ ਉਖੜੇ ਨਹੀਂ। ਦੂਜੇ ਫਿਰਕਿਆਂ ਵਲੋਂ ਉਹਨਾਂ ਅਹਿਸਾਸਾਂ ਨੂੰ ਸਹੀ ਤਰੀਕੇ ਨਾਲ ਸਮਝਿਆ ਜਾਏ ਤਾਂ ਸਿਖ ਦੇਸ਼ ਦੀ ਮੁਖ ਧਾਰਾ ਵਿਚ ਆਪਣਾ ਯੋਗਦਾਨ ਪਾਉਣ ਦੀਆਂ ਆਪਣੀ ਸ਼ਾਨਦਾਰ ਰਵਾਇਤਾਂ ਨੂੰ ਕਾਇਮ ਰਖਣਗੇ।

(ਇਲਸਟਰੇਟਿਡ ਵੀਕਲੀ 1-7 ਜਲਾਈ ਅੰਕ) cPI

## 2. ਹੁਣ ਕੀ ਕਰਨਾ ਹੈ ?/ਅਵਤਾਰ ਸਿੰਘ ਮਲਹੋਤਰਾ

ਭਾਵੇਂ ਇਸ ਗੱਲ ਦੇ ਉਪਰੋਂ ਉਪਰੋਂ ਕਾਫ਼ੀ ਸੰਕੇਤ ਮਿਲਦੇ ਹਨ ਕਿ ਪੰਜਾਬ 'ਚ ਹਾਲਤ ਆਮ ਵਰਗੇ ਹੋ ਰਹੇ ਹਨ। ਪਰ ਡੂੰਘੀ ਨਜ਼ਰੇ ਵੇਖਿਆਂ ਹਾਲਾਤ ਆਮ ਵਰਗੇ ਹੋਣ ਤੋਂ ਦੂਰ ਹਨ। ਉਪਰਲੀ ਦਿਸਦੀ ਸ਼ਾਂਤੀ ਦੇ ਹੇਠਾਂ ਵਧੀ ਹੋਈ ਕਤਾਰਬੰਦੀ ਅਤੇ ਤਣਾਓ ਪਾਇਆ ਜਾਂਦਾ ਹੈ। ਕੋਈ ਇਹ ਕਹਿਣ ਦਾ ਹੌਸਲਾ ਨਹੀਂ ਕਰ ਸਕਦਾ ਕਿ ਪੰਜਾਬ ਦਾ ਸੰਤਾਪ ਹੁਣ ਮੁਕ ਚੁਕਾ ਹੈ ਅਤੇ ਸਭ ਅਮਨ ਅਮਾਨ ਨਾਲ ਰਹਿ ਸਕਦੇ ਹਨ। ਵੱਡਾ ਅਪ੍ਰੇਸ਼ਨ ਕੀਤਾ ਗਿਆ, ਜਿਸਦੇ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਜ਼ਰੂਰੀ ਸੀ, ਕਿਉਂਕਿ ਦਹਿਸ਼ਤ ਪਸੰਦ ਟੋਲਿਆਂ ਨੇ ਜਿਸ ਤਰ੍ਹਾਂ ਵੱਡੇ ਪੈਮਾਨੇ ਤੇ ਆਪਣੀਆਂ ਕਾਰਵਾਈਆਂ ਵਿੱਢ ਦਿੱਤੀਆਂ ਸਨ, ਇਸ ਤੋਂ ਬਿਨਾਂ ਰਾਹ ਕੋਈ ਨਹੀਂ ਸੀ ਪਰ ਕੀ ਇਸ ਅਪ੍ਰੇਸ਼ਨ ਨਾਲ ਹੋਏ ਜ਼ਖਮਾਂ ਨੂੰ ਰਾਜ਼ੀ ਹੋਣ ਲਈ ਸਮਾਂ ਮਿਲ ਜਾਏਗਾ ਅਤੇ ਕੀ 'ਟਕੋਰ' ਸਚ ਮੁੱਚ ਢੁੱਕਵੇਂ ਢੰਗ ਨਾਲ ਕੀਤੀ ਜਾਏਗੀ ਅਤੇ ਕੀ ਇਹ ਇੱਛਤ ਨਤੀਜੇ ਕਢੇਗੀ—ਇਹ ਇਕ ਸੰਜੀਦਾ ਸਵਾਲੀਆ ਨਿਸ਼ਾਨ ਹੈ। ਅਪ੍ਰੇਸ਼ਨ ਦੇ ਦਰਮਿਆਨ ਵੀ ਅਤੇ ਬਾਅਦ ਵਿਚ ਵੀ ਸਰਕਾਰੀ ਬੁਲਾਰਿਆਂ ਵਲੋਂ ਜਾਂ ਪ੍ਰਚਾਰ ਮਧਿਅਮ ਵਲੋਂ ਅਤਿਵਾਦੀਆਂ ਦੇ ਮਨਸੂਬਿਆਂ ਬਾਰੇ ਜੋ ਕੁਝ ਦਸਿਆ ਗਿਆ ਜਾਂ ਦਸਿਆ ਜਾ ਰਿਹਾ ਹੈ, ਉਸ ਤੋਂ ਇਹ ਸਨਸਨੀ ਦਾ ਪ੍ਰਭਾਵ ਦਿਤਾ ਜਾ ਰਿਹਾ ਹੈ, ਪਰ ਅਸਲੀਅਤ ਇਹ ਹੈ ਕਿ ਬਹੁਤ ਕੁਝ ਜਿਹੜਾ ਹੁਣ 'ਹੈਰਾਨੀ ਵਾਲਾ' ਪਤਾ ਲਗ ਰਿਹਾ ਹੈ, ਉਸ ਬਾਰੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਸਨ। ਮਿਸਾਲ ਵਜੋਂ ਸਾਡੀ ਪਾਰਟੀ ਦੀ 13 ਮਈ ਨੂੰ ਹੋਈ ਪੰਜਾਬ ਸੂਬਾ ਕੌਂਸਲ ਵਿਚ ਪਰਵਾਨ ਕੀਤੀ ਰਾਜਸੀ ਰਿਪੋਰਟ ਵਿਚ ਇਹਨਾਂ ਮਨ-

ਸੂਬਿਆਂ ਬਾਰੇ ਸਪਸ਼ਟ ਚਿਤਾਵਨੀ ਦੇ ਦਿਤੀ ਗਈ ਸੀ। ਅਮਰੀਕੀ ਅਤੇ ਪਾਕਿਸਤਾਨੀ ਸਰਕਾਰ ਵਲੋਂ ਅਤਿ-ਵਾਦੀਆਂ ਨੂੰ ਸ਼ਹਿ ਦੇਣਾ, ਹਥਿਆਰ ਸਪਲਾਈ ਕਰਨਾ ਖਾਲਿਸਤਾਨੀ ਅਨਸਰ ਨੂੰ ਹਰ ਕਿਸਮ ਦੀ ਸਹਾਇਤਾ ਦੇਣਾ, ਅਤਿਵਾਦੀਆਂ ਵਲੋਂ ਹਿੰਦੂ ਸਿੱਖ ਫਸਾਦ ਕਰ-ਵਾਉਣੇ, ਫੌਜ ਨੂੰ ਮਜਬੂਰ ਕਰਨਾ ਕਿ ਉਹ ਦਰਬਾਰ ਸਾਹਿਬ ਵਿਚ ਦਖ਼ਲ ਅੰਦਾਜ਼ੀ ਕਰੇ ਅਤੇ ਸਿੱਟੇ ਵਜੋਂ ਸਿਖ ਅਵਾਮ ਵਲੋਂ ਵਡੀ ਪੈਮਾਨੇ ਤੇ ਫਿਰਕੂ ਗੜਬੜ ਕਰਨਾ, ਫੌਜ ਵਿਚ ਬਗ਼ਾਵਤ ਫੈਲਣਾ, ਇਹ ਸਭ ਕੁਝ ਇਹਨਾਂ ਮਨਸੂਬਿਆਂ ਵਿਚ ਸ਼ਾਮਿਲ ਸੀ। ਇਸਦੇ ਬਾਰੇ ਰਿਪੋਰਟ ਵਿਚ ਖਬਰਦਾਰ ਕੀਤਾ ਗਿਆ ਸੀ।

## ਹਾਂ-ਪੱਖੀ ਅਨਸਰ

ਪਰ ਲੰਮਾ ਸਮਾਂ ਇਸ ਵਲ ਧਿਆਨ ਨਾ ਦਿੱਤਾ ਗਿਆ। ਅਖੀਰ ਜਦੋਂ "ਨਰਮ ਗੁੱਸਾ ਰੱਖਣ" ਦੀ ਨੀਤੀ ਕਰਕੇ ਸਥਿਤੀ ਧਮਾਕਾਖੇਜ਼ ਬਣ ਗਈ ਤਾਂ ਫ਼ੌਜ ਸੱਦੀ ਗਈ ਜਿਸਨੇ ਕਮਾਲ ਦੀ ਯੋਗਤਾ ਤੇ ਕਾਰਗਰਤਾ ਨਾਲ ਕੰਮ ਕੀਤਾ ਹੈ ਭਾਵੇਂ ਇਸਨੂੰ ਅਪਣੇ ਸ਼ਲਾਘਾਯੋਗ ਬੰਦੋਜ ਲਈ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਭਾਰੀ ਕੀਮਤ ਭਰਨੀ ਪਈ, ਹੁਣ ਦਹਿਸ਼ਤਪਸੰਦਾਂ ਦਾ ਗੜ ਤੋੜ ਦਿਤਾ ਗਿਆ ਹੈ. ਅਤੇ ਹਰਿਮੰਦਰ ਸਾਹਿਬ ਨੂੰ ਬਾਵਜੂਦ ਇਹਦੇ ਦੁਆਲੇ ਹੋਈ ਭਾਰੀ ਫਾਇਰਿੰਗ ਦੇ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਇਹ ਸਿੱਖਾਂ ਲਈ ਬੇਹੱਦ ਧਰਵਾਸ ਵਾਲੀ ਗੱਲ ਹੈ, ਭਾਵੇਂ ਦੂਰ ਤਕ ਖਤਰਨਾਕ ਅਫਵਾਵਾਂ ਫੈਲਾ-ਈਆਂ ਗਈਆਂ ਸਨ ਅਤੇ ਐਕਸ਼ਨ ਤੋਂ ਬਾਅਦ ਦੇ ਹਫਤੇ ਦੇ ਦੌਰਾਨ ਤੀਬਰ ਰੋਸ ਤੇ ਦੁਖ ਸੀ। ਭਾਵੇਂ ਕਈ ਥਾਵਾਂ ਤੇ ਅੰਮ੍ਰਿਤਸਰ ਵਲ ਮਾਰਚ ਕਰਨ ਲਈ ਹਜ਼ਾਰਾਂ ਲੋਕ ਇਕੱਠੇ ਹੋਏ ਪਰ 'ਜੇਕਰ ਪੁਲੀਸ ਦਰਬਾਰ ਸਾਹਿਬ ਵਿਚ ਦਾਖਲ ਹੋਵੇ ਤਾਂ ਹਿੰਦੂਆਂ ਨੂੰ ਮਾਰਨ' ਦੇ ਭਿੰਡਰਾਂਵਾਲੇ ਦੇ ਉਪਦੇਸ਼ਾਂ ਨੂੰ ਲਾਗੂ ਕਰਨ ਦੇ ਸੱਦਿਆਂ ਤੇ ਅਮਲ ਨਹੀਂ ਹੋਇਆ। ਕੁਝ ਥਾਵਾਂ ਤੇ ਦਹਿਸ਼ਤਪਸੰਦਾਂ ਨੇ ਕੁਝ ਕਾਰੇ ਕੀਤੇ ਪਰ ਕੀਤੇ ਆਮ ਲੋਕਾਂ ਨੇ ਨਹੀਂ। ਪਰ ਇਹ ਕਾਤਲ ਸਾਡੇ ਖਦਸ਼ਿਆਂ ਤੋਂ ਅਤੇ ਦਹਿਸ਼ਤਪਸੰਦਾਂ ਦੇ ਆਗੂਆਂ ਦੀਆਂ ਆਸਾਂ ਤੋਂ ਅਤਿਅੰਤ ਘੱਟ ਹੋਇਆ। ਫੌਜ ਦੀ ਗਸ਼ਤ ਦਾ ਹੋਣਾ ਸਿਰਫ ਇਕ ਕਾਰਨ ਹੈ। ਰਵਾਇਤੀ ਸਾਂਝਾਂ, ਬੇਦੋਸ਼ਿਆਂ ਦੀ ਅਜਿਹੀ ਹਿੰਸਾ ਦਾ ਜਨਤਕ ਵਿਰੋਧ ਅਤੇ ਕਮਿਊਨਿਸਟ ਤੇ ਹੋਰ ਸਿਹਤਮੰਦ ਅਮਨ-ਪ੍ਰੇਮੀ ਸ਼ਕਤੀਆਂ ਵਲੋਂ ਸਮੇਂ ਸਿਰ ਦਖਲ ਅਤੇ ਬਹੁਤ ਸਾਰੀਆਂ ਥਾਵਾਂ ਉਤੇ ਸਿੱਖ ਖੇਤ ਮਜ਼ਦੂਰਾਂ ਵਲੋਂ ਸਰਗਰਮ ਵਿਰੋਧ ਹੋਰ ਅਹਿਮ ਕਾਰਨ ਸਨ। ਵਰਤਮਾਨ ਸਥਿਤੀ ਵਿਚ ਇਹ ਵੱਡਾ ਹਾਂ-ਪੱਖੀ ਅਨਸਰ ਹੈ।

## ਨਾਂਹ-ਪੱਖੀ ਅਨਸਰ

ਨਾਂਹ ਪੱਖੀ ਅਨਸਰ ਚੋਖੇ ਹਨ ਅਤੇ ਇਹਨਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਸਭ ਤੋਂ ਵੱਡਾ ਹੈ ਬਹੁਤ ਹੀ ਵਧਿਆ ਹੋਇਆ ਫਿਰਕੂ ਪਾੜਾ ਤੇ ਕਤਾਰਬੰਦੀ ਅਤੇ ਹਰਮੰਦਰ ਸਾਹਿਬ ਵਿਚ ਫੌਜ ਦੇ ਦਾਖਲੇ ਤੇ ਉਥੇ ਹੋਏ ਨੁਕਸਾਨ ਕਰਕੇ ਸਿਖ ਜਨਤਾ ਨੂੰ ਵਿਸ਼ੇਸ਼ ਤੌਰ ਤੇ ਮਧ ਵਰਗ ਤੇ ਕਿਸਾਨੀ (ਹਰੀਜਨ ਸਿਖਾਂ ਵਿਚ ਨਹੀਂ) ਵਿਚ ਡੂੰਘੇ ਧਾਰਮਕ ਜ਼ਖਮ, ਦੁਖ ਤੇ ਹੇਠੀ ਦਾ ਬਹੁ-ਵਿਆਪਕ ਜਜ਼ਬਾਤੀ ਪ੍ਰਤੀਕਰਮ, ਉਹ ਡੂੰਘਾ ਦੁਖ ਅਨੁ-ਭਵ ਕਰ ਰਹੇ ਹਨ ਅਤੇ ਉਹਨਾਂ ਦੇ ਫਿਰਕੂ ਸਵੈਮਾਨ ਨੂੰ ਠੇਸ ਪਹੁੰਚੀ ਹੈ। ਪਹਿਲੇ ਕੁਝ ਦਿਨਾਂ 'ਚ ਤਾਂ ਇਹ ਕਈ ਥਾਵਾਂ ਤੇ ਅਤਵਾਦੀਆਂ ਦੁਆਰਾ ਫੈਲਾਈਆਂ ਅਫ-ਵਾਹਾਂ ਤੇ ਪ੍ਰਚਾਰ ਕਰਕੇ ਲਗਪਗ ਉਬਾਲ ਨੁਕਤੇ ਤਕ ਹੀ ਪਹੁੰਚ ਗਿਆ ਸੀ, ਪਰੰਤੂ ਹੁਣ ਹਰਮੰਦਰ ਸਾਹਿਬ ਦੇ ਸੁਰਖਿਅਤ ਹੋਣ ਦੇ ਗਿਆਨ ਨੇ ਭੜਕੇ ਜਜ਼ਬਾਤਾਂ ਨੂੰ ਕੁਝ ਹਦ ਤਕ ਸ਼ਾਂਤ ਕਰ ਦਿੱਤਾ ਹੈ। ਆਪਣੇ ਹਾਲੀਆ ਰੌਂ ਵਿਚ ਉਹ ਇਸ ਸਭ ਕੁਝ ਲਈ ਸੰਤ ਭਿੰਡਰਾਂ ਵਾਲੇ ਤੇ ਉਹਦੀ ਫੌਜ ਅਤੇ ਸਿਆਸੀ ਸਲਾਹਕਾਰਾਂ ਤੇ ਸਹਿਯੋਗੀਆਂ ਦੀ ਮੁਖ ਜ਼ੁਮੇਵਾਰੀ ਨਹੀਂ ਦੇਖ ਰਹੇ ਜਿਹਨਾਂ ਨੇ ਦਰਬਾਰ ਸਾਹਿਬ ਅਤੇ ਹੋਰ ਕਈ ਗੁਰਦਵਾਰਿਆਂ ਦੀ ਦੁਰਵਰਤੋਂ ਕੀਤੀ ਅਤੇ ਅਕਾਲ ਤਖਤ ਨੂੰ ਆਪਣੀਆਂ ਜਨੂੰਨੀ-ਦਹਿਸ਼ਤਪਸੰਦ ਤੇ ਕੌਮ ਵਿਰੋਧੀ ਵਖਵਾਦੀ ਕਾਰਵਾਈ ਲਈ ਕਿਲੇਬੰਦ ਹੈਡਕੁਆਟਰਾਂ ਵਿਚ ਅਤੇ ਹਰ ਤਰ੍ਹਾਂ ਦੇ ਸਮਾਜ ਵਿਰੋਧੀ ਅਨਸਰਾਂ ਤੇ ਹੌਲਨਾਕ ਕਾਰੇ ਕਰਨ ਵਾਲੇ ਕੁਕਰਮੀਆਂ ਲਈ ਪਨਾਹਗਾਹ ਵਿਚ ਬਦਲਿਆ, ਹਾਲੇ ਉਹ ਇਹ ਗਲ ਵੇਖਣ ਵਿਚ ਵੀ ਅਸਫਲ ਹੋਏ ਹਨ ਕਿ ਜੇਕਰ ਅਤਵਾਦੀ ਫੌਜ ਵਲੋਂ ਦਿਤੀਆਂ ਚਿਤਾ-ਵਨੀਆਂ ਦਾ ਹੁੰਗਾਰਾ ਦਿੰਦੇ ਅਤੇ ਆਪਣੇ ਹਥਿਆਰ ਸੁਟ ਦਿੰਦੇ ਤਾਂ ਹਰਮੰਦਰ ਸਾਹਿਬ ਨੇ ਲੜਾਈ ਦਾ ਮੈਦਾਨ ਨਹੀਂ ਬਣਨਾ ਸੀ ਅਤੇ ਇਸਦਾ ਨੁਕਸਾਨ ਨਹੀਂ ਸੀ ਹੋਣਾ। ਇਸ ਤੋਂ ਅੱਗੇ ਉਹਨਾਂ ਨੇ ਇਸ ਸਭ ਵਿਚ ਅਕਾਲੀ ਲੀਡਰਸ਼ਿਪ ਦੀ ਅਤੇ ਵਿਸ਼ੇਸ਼ ਤੌਰ ਤੇ ਗੁਰਚਰਨ ਸਿੰਘ ਟੌਹੜਾ ਦੀ ਜ਼ੁਮੇਵਾਰੀ ਮਹਿਸੂਸ ਨਹੀਂ ਕੀਤੀ ਜਿਸ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੁਖੀ ਵਜੋਂ ਹਰਿਮੰਦਰ ਸਾਹਿਬ ਦੀ ਪਵਿਤਰਤਾ ਦੀ ਰਾਖੀ ਲਈ ਕੁਝ ਨਾ ਕੀਤਾ ਅਤੇ ਇਥੇ ਹਥਿਆਰ ਜਮਾਂ ਕਰਨ, ਮਸ਼ਕੂਕ ਮੁਜਰਮਾਂ ਲਈ ਬਣਾਈਆਂ ਪੱਕੀਆਂ ਮੋਰਚਾਬੰਦੀਆਂ ਅਤੇ ਕਿਲ੍ਹਾਬੰਦੀ ਬਾਰੇ ਚੁਪ ਰਖੀ। ਇਸ ਨੂੰ ਬਹੁਤ ਸਾਰਿਆਂ ਨੂੰ ਬੇਤੁਕੀਆਂ ਅਫਵਾਹਾਂ, ਘਾੜਤਾਂ ਅਤੇ ਹਰ ਕਿਸਮ ਦੀਆਂ ਉਘਦੀਆਂ ਪਤਾਲ ਕਹਾਣੀਆਂ ਦਾ ਸ਼ਿਕਾਰ ਬਣਾਇਆ ਅਤੇ ਅੱਤਵਾਦੀਆਂ ਤੇ ਵੱਖਵਾਦੀਆਂ ਲਈ

## ਗਵਰਨਰ ਪਾਂਡੇ ਨਹੀਂ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਸਤੀਫਾ ਦੇਵੇ

ਪੰਜਾਬ ਦੇ ਵਾਪਰੇ ਦੁਖਾਂਤ ਦੀ ਚੀਰਫਾੜ ਤੋਂ ਬਾਅਦ ਇਹ ਨਤੀਜਾ ਕਢਿਆ ਗਿਆ ਕਿ ਪ੍ਰਬੰਧਕੀ ਅਨਗਹਿਲੀ ਇਹਦਾ ਵਡਾ ਕਾਰਨ ਸੀ, ਜੇਕਰ ਇਹ ਅਨਗਹਿਲੀ ਨਾ ਹੁੰਦੀ ਤਾਂ ਨਾ ਹੀ ਹਥਿਆਰ ਹਰਮੰਦਰ ਸਾਹਿਬ ਇਕੱਠੇ ਹੁੰਦੇ ਅਤੇ ਨਾ ਹੀ ਇਹ ਬਰਬਾਦੀ ਹੁੰਦੀ। ਇਸਦੇ ਲਈ ਇੰਸਪੈਕਟਰ ਜਨਰਲ ਪੁਲਸ ਭਿੰਡਰ ਨੂੰ ਦਿਲੀ ਵਾਪਸ ਬੁਲਾ ਲਿਆ ਗਿਆ ਹੈ ਅਤੇ ਗਵਰਨਰ ਪਾਂਡੇ ਕੋਲੋਂ ਅਸਤੀਫਾ ਲੈ ਲਿਆ ਗਿਆ ਹੈ। ਪਰ ਪਾਂਡੇ, ਭਿੰਡਰ ਜਾਂ ਇਸ ਤੋਂ ਪਹਿਲਾਂ ਦਰਬਾਰਾ ਸਿੰਘ ਕਿਸ ਦੀਆਂ ਹਿਦੈਤਾਂ ਥੱਲੇ ਕੰਮ ਕਰ ਰਹੇ ਸਨ? ਹਰ ਕੋਈ ਜਾਣਦਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਚੁਣੇ ਹੋਏ, ਉਹਦੇ ਹੀ ਵਿਸ਼ਵਾਸ਼ ਦੇ ਬੰਦੇ ਸਨ ਤੇ ਉਹਦੇ ਇਸ਼ਾਰੇ ਤੇ ਹੀ ਚਲਦੇ ਸਨ, ਇਸ ਲਈ ਅਸੂਲ ਦੀ ਗੱਲ ਤਾਂ ਇਹ ਸੀ ਕਿ ਪ੍ਰਧਾਨ ਮੰਤਰੀ ਆਪ ਅਸਤੀਫਾ ਦੇਂਦੀ, ਗਵਰਨਰ ਪਾਂਡੇ ਨੂੰ 'ਬਲੀ ਦਾ ਬੱਕਰਾ' ਨਾ ਬਣਾਉਂਦੀ। ਪਰ ਅਸੂਲ ਦੀ ਗੱਲ ਕਰਨੀ ਇੰਦਰਾ ਗਾਂਧੀ ਦਾ ਕਦੀ ਅਕੀਦਾ ਨਹੀਂ ਰਿਹਾ।

ਸੀ. ਗੁੱਪਤਾ/ਇੰਡੀਅਨ ਐਕਸਪ੍ਰੈਸ
2 ਜੁਲਾਈ— ਇਕ ਚਿਠੀ

---

ਅਜਿਹੀਆਂ ਭਾਵਨਾਵਾਂ ਤਿਆਰ ਕੀਤੀਆਂ ਜਿਸ ਨੇ ਪਹਿਲਾਂ ਤੋਂ ਕਿਤੇ ਵਡੇਰਾ ਜਨਤਕ ਆਧਾਰ ਬਣਾ ਲਿਆ ਹੈ ਇਸਦੇ ਨਾਲ ਹੀ ਕਈ ਦਹਿਸ਼ਤਪਸੰਦ ਦਸਤੇ ਅਤੇ ਕਾਤਲ ਹਾਲੇ ਵੀ ਬਾਹਰ ਘੁੰਮ ਰਹੇ ਹਨ ਅਤੇ ਵੱਡੀ ਮਾਤਰਾ ਵਿਚ ਹਥਿਆਰ ਹਾਲੇ ਅਣਲੱਭੇ ਪਏ ਹਨ। ਹਨ ਇਹ ਦਹਿਸ਼ਤਪਸੰਦ ਦਸਤੇ ਮੁੜ ਤੋਂ ਸਰਗਰਮ ਹੋ ਗਏ ਹਨ, ਫਿਰਕੂ ਹਿੰਸਾ ਦੀਆਂ ਕਈ ਵਾਰਦਾਤਾਂ ਪਹਿਲਾਂ ਵੀ ਵਾਪਰ ਚੁਕੀਆਂ ਹਨ, ਬਦੇਸ਼ਾਂ ਵਿਚ ਖਾਲਿਸਤਾਨੀ ਗਰੁਪ ਵਧੇਰੇ ਸਰਗਰਮ ਅਤੇ ਖੁਲ੍ਹਾਂ ਇਜ਼-ਹਾਰ ਕਰਨ ਲਗ ਪਏ ਹਨ ਅਤੇ ਉਹਨਾਂ ਨੂੰ ਸਾਮਰਾਜੀ ਅਤੇ ਪਾਕਿ-ਸਤਾਨੀ ਸੰਸਥਾਵਾਂ ਤੇ ਪਰਚਾਰ ਸਾਧਨਾਂ ਦੁਆਰਾ ਖੁਲੇ ਤੌਰ ਤੇ ਸ਼ਹਿ ਤੇ ਹਲਾਸ਼ੇਰੀ ਦਿਤੀ ਜਾ ਰਹੀ ਹੈ। ਉਹਨਾਂ ਦੇ ਬਦੇਸ਼ੀ ਸਰਪਰਸਤ ਚਾਹੁਣਗੇ ਕਿ ਉਹ ਇਕਠੇ ਹੋਣ ਤੇ ਆਪਣੀਆਂ ਘੁਸਪੈਠੀਆਂ ਸਰਗਰਮੀਆਂ ਤੇ ਪਰਚਾਰ ਦਾ ਵਿਸਥਾਰ ਕਰਨ। ਅਮਰੀਕਾ, ਕਨੇਡਾ, ਬਰਤਾਨੀਆਂ ਆਦਿ ਵਿਚ ਦਹਿਸ਼ਤਪਸੰਦਾਂ ਨੂੰ ਸਿਖਲਾਈ ਦੇ ਅਤੇ ਭਾਰਤ ਵਿਚ ਘੁਸਪੈਠ ਕਰਨ ਵਿਚ ਉਹਨਾਂ ਵਲੋਂ ਦਿੱਤੀ ਜਾਂਦੀ ਮਦਦ ਦੀਆਂ ਖਬਰਾਂ ਅਸਲੀਅਤ ਤੋਂ ਕੋਰੀਆਂ ਨਹੀਂ ਹਨ ਪੰਜਾਬ ਵਿਚ ਕੁਝ ਵਿਸ਼ੇ ਅਹੁਦੇਦਾਰ ਜਿਨ੍ਹਾਂ ਨੇ ਸ਼ੁਰੂ ਤੋਂ ਹੀ ਅਤਵਾਦੀਆਂ ਦੀ ਮਦਦ ਕੀਤੀ ਉਹ ਵੀ ਹੁਣ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਰਹੇ ਹਨ ਅਤੇ ਲੀਡਰਸ਼ਿਪ ਵਿਚ ਆਏ ਖਿਲਾਅ ਨੂੰ ਪੂਰਾ ਕਰਨ ਦੇ ਤਾਂਘਵਾਨ ਹਨ। ਬਹੁਤ ਸਾਰੇ ਲੋਕਾਂ ਦੀਆਂ ਨਜ਼ਰਾਂ ਵਿਚ ਭਿੰਡਰਾਂ ਵਾਲਾ ਹੀਰੋ ਤੇ ਸ਼ਹੀਦ ਬਣ ਗਿਆ ਹੈ ਅਤੇ ਨਰਮਦਲੀਏ ਅਕਾਲੀ, ਲੀਡਰ ਬੁਜ਼ਦਿਲ ਅਤੇ ਭਗੌੜੇ ਗਦਾਰ ਸਿਟੇ ਵਜੋਂ ਅਕਾਲੀ ਦਲ ਤਲਵੰਡੀ ਭਿੰਡਰਾਂਵਾਲੇ ਧੜੇ ਦੇ ਨਜ਼ਦੀਕੀ ਦੂਸਰੇ ਅਤਵਾਦੀ ਅਨਸਰ ਅਤੇ ਸਾਬਕਾ ਫੌਜੀ ਤੇ ਸਿਵਲ ਅਧਿਕਾਰੀ ਇਸ ਭਾਵਨਾ ਤੋਂ ਖਟੀ ਖੱਟਣਾ, ਇਸ ਨੂੰ ਵਰਤਣਾ ਤੇ ਲਾਭ ਉਠਾਉਣ ਲਈ ਯਤਨਸ਼ੀਲ ਹਨ।

### ਭਿੰਡਰਾਂਵਾਲੇ ਵਲ ਅਕਾਲੀ ਤੇ ਕਾਂਗਰਸ ਨਰਮਗੋਸ਼ਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਣੇ ਪਿਛੇ ਮਹਾਨ ਦੇਸ਼ ਭਗਤਕ ਰਵਾਇਤਾਂ ਅਤੇ ਗਤੀਸ਼ੀਲਤਾਂ ਰਖਦਾ ਸਿਖ ਭਾਈਚਾਰਾ ਅਜਿਹੇ ਰੌਆਂ ਤੇ ਰੁਝਾਣਾਂ ਤੇ ਕਾਬੂ ਪਾ ਲਵੇਗਾ ਅਤੇ ਕੌਮੀ ਮੁਖ ਧਾਰੇ ਦੇ ਇਕ ਅਹਿਮ ਭਾਗ ਵਜੋਂ ਕੌਮੀ ਜੀਵਨ ਵਿਚ ਉਘੀ ਭੂਮਿਕਾ ਅਦਾ ਕਰੇਗਾ, ਪਰ ਹਾਲ ਦੀ ਘੜੀ ਅਜਿਹੇ ਤੋੜ ਫੋੜਕ ਅਨਸਰਾਂ ਨੂੰ ਘਟਾ ਕੇ ਵੇਖਣਾ ਹਾਨੀਕਾਰਕ ਹੋਵੇਗਾ, ਇਹਨਾਂ ਸਾਰੇ ਤਤਾਂ ਦੀ ਸ਼ੈਤਾਨੀ ਦੀ ਸਮਰਥਾ ਵਿਚ ਇਹ ਤੱਥ ਵਾਧਾ ਕਰਦਾ ਹੈ ਕਿ ਲੌਂਗੋਵਾਲ ਅਕਾਲੀ ਲੀਡਰਸ਼ਿਪ ਜਿਸ ਨੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਦਹਿਸਤਪਸੰਦਾਂ ਨੂੰ ਦਬਾਅ ਵਜੋਂ ਵਰਤਣ ਦੀ ਨੀਤੀ ਤੇ ਕੰਮ ਕੀਤਾ ਅਤੇ ਦ੍ਰਿੜਤਾ ਤੇ ਸਰਗਰਮੀ ਨਾਲ ਉਹਨਾਂ ਦਾ ਵਿਰੋਧ ਨਹੀਂ ਕੀਤਾ ਅਤੇ ਅਤਮ ਤੌਰ 'ਤੇ ਸਰੀਰਕ ਤੌਰ 'ਤੇ ਦੋਹਾਂ ਤਰ੍ਹਾਂ ਨਾਲ—ਸਹੀ ਮਾਹਣਿਆਂ ਵਿਚ ਕੈਦੀ ਬਣ ਗਈ, ਉਸ ਨੇ ਆਪਣੇ ਦਾਅ ਪੇਚਾਂ ਦੀ ਸਮੁਚੀ ਅਸਫਲਤਾ ਤੋਂ ਅਤੇ ਮੋਰਚੇ ਦੌਰਾਨ ਗੁਠੇ ਲਗ ਜਾਣ (ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਜਿਹੀਆਂ ਸ਼ਾਨਦਾਰ ਮਿਸਾਲਾਂ ਨੂੰ ਇਕ ਪਾਸੇ ਛੱਡ ਦੇ ਹੋਇਆ) ਤੋਂ ਕੁਝ ਸਿਖਣ ਦੇ ਕੋਈ ਸੰਕੇਤ ਨਹੀਂ ਮਿਲਦੇ।

ਨਾ ਹੀ ਕਾਂਗਰਸ (ਆਈ) ਹਾਈ ਕਮਾਨ ਨੇ ਵਰਤਮਾਨ ਸੰਕਟ ਲਈ ਆਪਣੀ ਜ਼ਿੰਮੇਵਾਰੀ ਦਾ ਅਤੇ ਉਹਨਾਂ ਗੰਭੀਰ ਖਤਰਿਆਂ ਦਾ ਅਹਿਸਾਸ ਕਰਨ ਦਾ ਕੋਈ ਚਿੰਨ੍ਹ ਦਿਖਾਇਆ ਹੈ ਜਿਹੜੇ ਖਤਰੇ ਇਸ ਵਲੋਂ ਲਮਚਾਉ ਤੇ ਅੜਿਕੇ ਡਾਹੂ ਸੁਆਰਥੀ ਨੀਤੀ ਉਤੇ ਚਲਣ ਨਾਲ, ਫੌਜੀ ਕਾਰਵਾਈ ਤੋਂ ਐਨ ਪਹਿਲਾਂ ਤਕ ਅਤਵਾਦੀ ਮੁਖੀ ਵਲ ਨਰਮਗੋਸ਼ੇ ਦੇ ਰਾਜਸੀ ਜੋੜ-ਤੋੜਾਂ ਨਾਲ, ਪ੍ਰਧਾਨ ਮੰਤਰੀ ਵਲੋਂ ਆਪ 2 ਜੂਨ ਦੀ ਅਪੀਲ ਵਿਟ ਪ੍ਰਵਾਨ-ਯੋਗ ਮੰਨੀਆਂ ਮੰਗਾਂ ਨੂੰ ਸਵੀਕਾਰ ਕਰਨੋਂ ਅਮਲੀ ਤੌਰ ਤੇ ਇਨਕਾਰ ਨਾਲ ਅਤੇ ਇੰਜ ਅੱਤਵਾਦੀਆਂ ਨੂੰ ਨਿਖੇੜਨ

ਵਿਚ ਸਹਾਈ ਹੋ ਸਕਦਾ ਰਾਜਸੀ ਹਲ ਲਭਣੋਂ ਨਾਂਹ ਨਾਲ ਪੈਦਾ ਹੋਏ।

## ਹੁਣ ਕੀ ਕੀਤਾ ਜਾਵੇ

ਸਾਡੀ ਸੂਬਾ ਕੌਂਸਲ ਦੀ ਹੁਣੇ ਹੋਈ ਮੀਟਿੰਗ ਨੇ ਵੀ ਗੰਭੀਰ ਕੌਮ ਵਰਤਮਾਨ ਪਰਸਥਿਤੀ ਦੇ ਮੁਕਾਬਲੇ ਲਈ ਕੁਝ ਜ਼ਰੂਰੀ ਕਦਮ ਉਲੀਕੇ ਹਨ। ਕੌਂਸਲ ਨੇ ਸਰਕਾਰ ਨੂੰ ਜ਼ੋਰ ਦਿਤਾ ਹੈ ਕਿ ਅਜਿਹੀ ਸਥਿਤੀ ਪੈਦਾ ਕਰਨ ਲਈ ਤੇਜ ਕਦਮ ਚੁਕੇ, ਜਿਸ ਵਿਚ ਸਿੱਖ ਮੁਨਾਸਬ ਤੇ ਪੁਰਅਮਨ ਢੰਗ ਨਾਲ ਕਾਰ ਸੇਵਾ ਕਰ ਸਕਣ ਤੇ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਣ। ਪ੍ਰਧਾਨ ਮੰਤਰੀ ਦੀ ਅੰਮ੍ਰਿਤਸਰ ਯਾਤਰਾ, ਜਿਹੜੀ ਹਾਂ-ਪਖੀ ਕਾਰਵਾਈ ਸੀ, ਦੇ ਅਗਲੇ ਕਦਮ ਵਜੋਂ ਸਾਰੀਆਂ ਪਾਰਟੀਆਂ ਦੇ ਪਾਰਲੀਮੈਂਟਰੀ ਡੈਲੀਗੇਸ਼ਨ ਨੂੰ ਦਰਬਾਰ ਸਾਹਿਬ ਦੀ ਯਾਤਰਾ ਕਰਨ ਦਿਤੀ ਜਾਵੇ, ਪ੍ਰਧਾਨ ਮੰਤਰੀ ਨੂੰ ਰਾਜਸੀ ਹਲ ਲਈ ਸਰਬ ਪਾਰਟੀ ਮੀਟਿੰਗ ਵੀ ਸੱਦਣੀ ਚਾਹੀਦੀ ਹੈ ਜਿਸਦੇ ਲਈ 30 ਜੂਨ ਦੀ ਆਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਵਿਚ ਇਤਫਾਕ ਰਾਏ ਨਾਲ ਤਿਆਰ ਕੀਤਾ ਫਾਰਮੂਲਾ ਅਤੇ ਪ੍ਰਧਾਨ ਮੰਤਰੀ ਦੀ ਦੋ ਜੂਨ ਦੀ ਅਪੀਲ ਵਿਚ ਦਿਤੇ ਗਏ ਸੁਝਾਅ ਠੋਸ ਅਧਾਰ ਬਣ ਸਕਦੇ ਹਨ ਜੇ ਅਕਾਲੀ ਲੀਡਰ ਗੈਰ ਹਾਜ਼ਰ ਵੀ ਹੋਣ ਤਾਂ ਵੀ ਪ੍ਰਧਾਨ ਮੰਤਰੀ ਮੀਟਿੰਗ ਵਿਚ ਵਧ ਤੋਂ ਵੱਧ ਆਮ ਸਹਿਮਤੀ ਦੇ ਆਧਾਰ ਉਤੇ ਫੈਸਲਾ ਲੈਣ ਤੇ ਇਸ ਨੂੰ ਤੁਰੰਤ ਲਾਗੂ ਕਰਨ। ਪ੍ਰਸਤਾਵਤ ਵਾਈਟ ਪੇਪਰ ਵਿਚ ਅੱਤਵਾਦੀਆਂ ਤੇ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਤੋਂ ਇਲਾਵਾ ਰਾਜ ਵਿਚਲੀਆਂ ਹਾਲ ਦੀਆਂ ਘਟਨਾਵਾਂ ਨੂੰ ਵੀ ਲਿਆ ਜਾਵੇ ਅਤੇ ਪਾਰਲੀਮੈਂਟ ਨੂੰ ਇਸ ਉਤੇ ਬਹਿਸ ਕਰਨ ਲਈ ਯੋਗ ਮੌਕਾ ਦਿਤਾ ਜਾਏ। ਗ੍ਰਿਫਤਾਰ ਕੀਤੇ ਗਏ ਲੋਕਾਂ ਦੀ ਪੁਛਗਿਛ ਤੇਜ਼ੀ ਨਾਲ ਮੁਕੰਮਲ ਕੀਤੀ ਜਾਵੇ ਤੇ ਜਿਹੜੇ ਗੰਭੀਰ ਜੁਰਮਾਂ ਨਾਲ ਸਬੰਧਿਤ ਨਹੀਂ, ਉਹਨਾਂ ਨੂੰ ਰਿਹਾ ਕਰ ਦਿਤਾ ਜਾਵੇ। ਜਿਹਨਾਂ ਸਾਧਾਰਨ ਲੋਕਾਂ ਨੂੰ ਦਹਿਸ਼ਤਪਸੰਦ ਕਾਰਵਾਈਆਂ ਕਰਨ ਜਾਂ ਵਰਤਮਾਨ ਫੌਜੀ ਕਾਰਵਾਈ ਕਾਰਨ ਨੁਕਸਾਨ ਪੁਜਾ ਹੈ, ਉਹਨਾਂ ਨੂੰ ਯੋਗ ਮੁਆਵਜ਼ਾ ਦਿਤਾ ਜਾਏ, ਰੋਪੜ ਨਹਿਰ ਤੋੜਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦਿਤੀਆਂ ਜਾਣ ਪਰ ਨੇੜੇ ਦੇ ਪਿੰਡਾਂ ਤੋਂ ਕੋਈ ਸਮੂਹਕ ਜਰਮਾਨੇ ਨਾ ਵਸੂਲ ਕੀਤੇ ਜਾਣ। ਕੌਂਸਲ ਇਹ ਵੀ ਮੰਗ ਕਰਦੀ ਹੈ ਕਿ ਹਿੰਦ-ਪਾਕ ਸਰਹੱਦ ਮੁਅਸਰ ਢੰਗ ਨਾਲ ਸੀਲ ਕਰ ਦਿਤੀ ਜਾਵੇ ਤਾਂ ਜੋ ਹਥਿਆਰਾਂ ਤੇ ਘੁਸਪੈਠੀਆਂ ਦਾ ਦਾਖਲਾ ਰੋਕਿਆ ਜਾ ਸਕੇ, ਪੰਜਾਬ ਪੁਲੀਸ ਤੇ ਪ੍ਰਸ਼ਾਸ਼ਨ ਦੀ ਪੜਤਾਲ ਕੀਤੀ ਜਾਵੇ ਅਤੇ ਇਹਨਾਂ ਨੂੰ ਸਵਾਰਿਆ ਜਾਵੇ, ਪ੍ਰੀ-ਸੈਂਸਰਸ਼ਿਪ ਦੀ ਥਾਂ ਫਿਰਕੂ ਨਫਰਤ ਦੇ ਪਰਚਾਰ ਤੇ ਕੌਮ ਵਿਰੋਧੀ

## ਧਰਮ ਨਿਰਪੱਖਤਾ (SECULARISM)

ਧਰਮ ਨਿਰਪੱਖਤਾ ਸਾਡੇ ਵਿਧਾਨ ਦੀਆਂ ਬੁਨਿਯਾਦੀ ਇੱਟਾਂ ਵਿਚੋਂ ਇਕ ਇੱਟ ਹੈ। ਵਿਧਾਨ ਬਨਾਉਣ ਵਾਲਿਆਂ ਦੀ ਧਰਮ ਨਿਰਪੱਖਤਾ ਤੋਂ ਇਹ ਧਾਰਨਾ ਸੀ ਕਿ ਸਰਕਾਰ ਦੇ ਵਰਤਾਰੇ ਵਿਚ ਧਰਮ ਦਾ ਕੋਈ ਦੱਖਲ ਨਹੀਂ ਹੋਵੇਗਾ। ਐਪਰ ਹੌਲੇ ਹੌਲੇ ਇਹਦਾ ਮੱਤਲਬ ਇਹ ਕਢਿਆ ਗਿਆ ਕਿ ਸਰਕਾਰ ਸਾਰੇ ਧਰਮਾਂ ਦੇ ਪਰਚਾਰ ਲਈ ਸਹੂਲਤਾਂ ਦੇਵੇਗੀ ਤੇ ਇਸ ਪਰਚਾਰ ਵਿਚ ਕੋਈ ਰੁਕਾਵਟ ਨਹੀਂ ਪਾਏਗੀ। ਦਫਾ 144 ਲਗੀ ਹੋਵੇ, ਹਰ ਕਿਸਮ ਦੇ ਜਲਸੇ ਜਲੂਸ ਬੰਦ ਹੋਣਗੇ, ਪਰ ਧਾਰਮਕ ਜਲੂਸਾਂ ਦੀ ਖੁਲ੍ਹੀ ਆਜ਼ਾਦੀ ਹੋਵੇਗੀ। ਨਗਰ ਕੀਰਤਨ ਲਈ, ਜਗਰਾਤੇ ਲਈ ਕੋਈ ਵੀ ਸੜਕ ਬੜੀ ਆਸਾਨੀ ਨਾਲ ਬੰਦ ਕੀਤੀ ਜਾ ਸਕਦੀ ਹੈ। ਸਰਕਾਰ ਦੇ ਖਰਚ ਤੇ 'ਗੋਬਿੰਦ ਮਾਰਗ' ਬਣਾਏ ਜਾ ਸਕਦੇ ਹਨ। ਜੋ ਕੰਮ ਗੁਰਦੁਆਰੇ, ਮੰਦਰ, ਅਤੇ ਮਸੀਤਾਂ ਵਿਚ ਹੋਣਾ ਚਾਹੀਦਾ ਹੈ, ਉਹ ਹੁਣ ਰੇਡੀਓ ਅਤੇ ਟੈਲੀਵੀਜ਼ਨ ਤੇ ਹੁੰਦਾ ਹੈ। ਇਹ ਧਰਮ ਨਿਰਪੱਖਤਾ ਨਹੀਂ, ਧਰਮ ਅਗੇ ਗੋਡੇ ਟੇਕਣਾ ਹੈ। ਦੇਸ਼ ਦਾ ਪਿਛਲੇ 37 ਸਾਲ ਦਾ ਇਤਹਾਸ ਦਸਦਾ ਹੈ ਕਿ ਧਰਮ ਜਦੋਂ ਵੀ ਆਪਣੇ ਧਾਰਮਕ ਅਸਥਾਨ ਤੋਂ ਬਾਹਰ ਨਿਕਲਦਾ ਹੈ, ਫਸਾਦ ਦਾ ਕਾਰਨ ਬਣਦਾ ਹੈ। ਸਾਰੇ ਫਸਾਦਾਂ ਦੀ ਜੜ੍ਹ ਇਕ ਧਰਮ ਵਾਲਿਆਂ ਦਾ ਬਾਜ਼ਾਰਾਂ ਵਿਚ ਆਕੇ ਹੋਛਾ ਵਿਖਾਵਾ ਹੈ, ਜੋ ਦੂਜੇ ਧਰਮਾਂ ਵਾਲਿਆਂ ਦੇ ਜਜ਼ਬਾਤਾਂ ਨੂੰ ਠੇਸ ਪਚਾਂਦਾ ਹੈ ਅਤੇ ਭੜਕਾਹਟ ਪੈਦਾ ਕਰਦਾ ਹੈ। 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾਂ ਕੋਇ' ਜਦੋਂ ਗੁਰਦੁਆਰੇ ਵਿਚ ਅਰਦਾਸ ਦੇ ਰੂਪ ਵਿਚ ਬੋਲਿਆ ਜਾਂਦਾ ਹੈ ਤਾਂ ਉਹ ਇਕ ਚੰਗੇ, ਖਾਲਿਸ (ਸ਼ੁਧ) ਬੰਦਿਆਂ ਦੇ ਰਾਜ ਲਈ ਵਾਹਿਗੁਰੂ ਅਗੇ ਬੇਨਤੀ ਹੁੰਦੀ ਹੈ, ਪਰ ਇਹੋ ਬੋਲ ਜੇਕਰ ਨੰਗਿਆਂ ਕ੍ਰਿਪਾਨਾਂ ਲੈ ਕੇ ਗਲੀਆਂ ਬਾਜ਼ਾਰਾਂ ਵਿਚ ਬੋਲੇ ਜਾਣ ਤਾਂ ਇਹ ਦੂਜਿਆਂ ਫਿਰਕਿਆਂ ਨੂੰ ਚਿੜਾਉਣ ਦੇ ਬਰਾਬਰ ਹੁੰਦਾ ਹੈ। ਅਗਰ ਦੂਜੇ ਫਿਰਕੇ ਦਾ ਕੋਈ ਸਿਰਫਿਰਿਆ ਅਗੋਂ ਹੌਲੇ ਜਾਂ ਉਚੇ ਇਹ ਬੋਲ ਬੋਲ ਦੇਵੇ 'ਇਕੋ ਇਕ ਬਾਹਮਣੀ ਨੇ ਰਾਜ ਲਿਆਂ ਖੋਹਿ' ਤਾਂ ਫਸਾਦ ਹੋਣਾ ਹੀ ਹੋਇਆ।

ਧਰਮ ਦੀ ਥਾਂ ਗੁਰਦੁਆਰੇ, ਮੰਦਰ, ਮਸੀਤਾਂ, ਗਿਰਜਿਆਂ ਵਿਚ ਹੋਣੀ ਚਾਹੀਦੀ ਹੈ, ਗਲੀਆਂ, ਬਾਜ਼ਾਰਾਂ, ਸੜਕਾਂ ਤੇ ਨਹੀਂ, ਇਸੇ ਲਈ ਸਿਆਸਤ ਦੀ ਥਾਂ ਗਲੀਆਂ, ਬਾਜ਼ਾਰਾਂ, ਸੜਕਾਂ ਤੇ ਹੋਣੀ ਚਾਹੀਦੀ ਹੈ, ਗੁਰਦੁਆਰਿਆਂ ਮੰਦਰਾਂ, ਮਸੀਤਾਂ, ਗਿਰਜਿਆਂ ਵਿਚ ਨਹੀਂ। 'ਧਰਮ ਸਿਆਸਤ ਤੋਂ ਵੱਖ ਨਹੀਂ ਹੋ ਸਕਦਾ' ਇਹ ਵੇਲਾ ਹੰਢਾ ਚੁੱਕੀ ਧਾਰਨਾ ਹੈ। ਪੰਜਾਬ ਦਾ ਦੁਖਾਂਤ ਹੋਰਨਾਂ ਸੱਬਕਾਂ ਦੇ ਨਾਲ ਨਾਲ ਸਾਨੂੰ ਇਹ ਵੀ ਸੱਬਕ ਸਿਖਾਂਦਾ ਹੈ। ○

ਕਾਰਵਾਈਆਂ ਤੇ ਵਖਵਾਦ ਲਈ ਉਕਸਾਹਣ ਦੇ ਖਿਲਾਫ ਮੁਅਸਰ ਕਾਰਵਾਈ ਕੀਤੀ ਜਾਏ, ਦਫਾ 144 ਅਧੀਨ ਲਗੀਆਂ ਪਾਬੰਦੀਆਂ ਵਿਚ ਅਜਿਹੇ ਢੰਗ ਨਾਲ ਢਿਲ ਦਿਤੀ ਜਾਵੇ ਕਿ ਅਮਨਪਸੰਦ ਅਤੇ ਧਰਮ ਨਿਰਪੱਖ ਤਾਕਤਾਂ ਦੀਆਂ ਜਨਤਕ ਸਰਗਰਮੀਆਂ ਉਤੇ ਲਗੀਆਂ ਰੋਕਾਂ ਦੂਰ ਹੋਣ ਕਿਉਂਕਿ ਇਸ ਨਾਲ ਸਥਿਤੀ ਨੂੰ ਬਿਹਤਰ ਬਣਾਉਣ ਵਿਚ ਸਹਾਇਤਾ ਮਿਲੇਗੀ।

ਉਪਰੋਕਤ ਕਦਮਾਂ ਨੂੰ ਲਾਗੂ ਕਰਨ ਲਈ ਸਰਕਾਰ ਤੇ ਜ਼ੋਰ ਦੇਣ ਦੇ ਸਮੇਤ ਸਾਡੀ ਸੂਬਾ ਕੌਂਸਲ ਨੇ ਦੇਸ ਦੀ ਏਕਤਾ ਤੇ ਫਿਰਕੂ ਸਦਭਾਵਨਾ ਦੀ ਰਾਖੀ ਲਈ ਆਪਣਾ ਕੰਮ ਅੱਗੇ ਖੜਨ ਵਾਸਤੇ ਆਉਣ ਵਾਲੇ ਸਮੇਂ ਵਿਚ ਸਰਗਰਮੀਆਂ ਦੀ ਵਿਉਂਤ ਉਲੀਕੀ ਹੈ, ਸੂਬਾ ਕੌਂਸਲ ਨੇ ਆਪਣੀਆਂ ਇਕਾਈਆਂ ਤੇ ਸਫਾਂ ਨੂੰ ਸੱਦਾ ਦਿਤਾ ਹੈ ਕਿ ਉਹ ਖਾਲਿਸਤਾਨ ਵੱਖਵਾਦੀ ਲਹਿਰ ਅਤੇ ਇਹਦੇ ਪਿੱਛੇ ਸਾਮਰਾਜੀ ਤੇ ਪਾਕਿਸਤਾਨ ਦੀ ਸਾਜਿਸ਼ ਨੂੰ ਨੰਗਾ ਕਰਨ ਤੇ ਇਹਦਾ ਵਿਰੋਧ ਕਰਨਾ ਜਾਰੀ ਰੱਖਣ ਅਤੇ ਕੌਮੀ ਏਕਤਾ ਤੇ ਫਿਰਕੂ ਮੇਲਜੋਲ ਨੂੰ ਪ੍ਰਣਾਈਆਂ ਸਾਰੀਆਂ ਸ਼ਕਤੀਆਂ ਦੀ ਵਿਸ਼ਾਲ ਏਕਤਾ ਉਸਾਰਨ ਲਈ ਪੂਰਾ ਤਾਣ ਲਾ ਦੇਣ। ਇਸਨੇ ਪਾਰਟੀ ਸਫਾਂ ਨੂੰ ਇਹ ਵੀ ਸੱਦਾ ਦਿੱਤਾ ਹੈ ਕਿ ਫਿਰਕੂ ਅਮਨ ਤੇ ਇਕਸੁਰਤਾ ਨੂੰ ਕਾਇਮ ਰੱਖਣ ਲਈ ਕਿਸੇ ਵੀ ਕੁਰਬਾਨੀ ਤੋਂ ਸੰਕੋਚ ਨਾ ਕਰਨ ਅਤੇ ਹਰ ਕਿਸਮ ਦੀਆਂ ਫਿਰਕੂ ਭੜਕਾਹਟਾਂ ਅਤੇ ਉਕਸਾਹਟਾਂ, ਭਾਵੇਂ ਸਿੱਖ ਅਤਿਵਾਦੀਆਂ ਵਲੋਂ ਹੋਣ ਜਾਂ ਹਿੰਦੂ ਸ਼ਾਵਨਵਾਦੀਆਂ ਵਲੋਂ ਜਿਹੜੇ ਹੁਣ ਵਧੇਰੇ ਸਰ-ਗਰਮ ਹੋ ਰਹੇ ਹਨ। ਵਿਰੁਧ ਚੌਕਸੀ ਤੋਂ ਕੰਮ ਲੈਣ। ਇਸਨੇ ਉਹਨਾਂ ਨੂੰ ਸੱਦਾ ਦਿਤਾ ਹੈ ਕਿ ਉਹ ਲੋਕਾਂ ਦੀ ਏਕਤਾ ਅਤੇ ਪਰਸਪਰ ਸੂਝ-ਬੂਝ ਉਸਾਰਨ ਲਈ। ਫਿਰਕੂ ਇੰਤਸ਼ਾਰ, ਜਨੂੰਨ ਤੇ ਅਤਿਵਾਦ ਦਾ ਵਿਰੋਧ ਕਰਨ ਲਈ ਹਰ ਪਰਾਪਤ ਢੰਗ ਨਾਲ, ਜਨਤਾ ਤੱਕ ਪਹੁੰਚ ਕਰਨ, ਧਰਮ ਦੀ ਕੌਮ ਵਿਰੋਧੀ ਸਰਗਰਮੀਆਂ ਲਈ ਜੋ ਹਥਿਆਰ ਇਕੱਠੇ ਕਰਨ ਲਈ ਦੁਰਵਰਤੋਂ ਵਿਰੁਧ ਅਤੇ ਅਤੇ ਧਰਮ ਤੇ ਰਾਜਨੀਤੀ ਨੂੰ ਵੱਖ ਵੱਖ ਕਰਨ ਲਈ ਵਿਚਾਰਧਾਰਕ ਲੜਾਈ ਲੜਨ /ਨਵਾਂ ਜ਼ਮਾਨਾ 8 ਜੁਲਾਈ

o

### 3. ਪੰਜਾਬ ਸਾਨੂੰ ਕੀ ਸਬਕ ਸਿਖਾਂਦਾ ਹੈ/ਅਰੁਨ ਸ਼ੋਰੀ

ਨੋਟ : 1982 ਵਿਚ ਅਰੂਨ ਸ਼ੋਰੀ ਨੇ ਆਪਣੇ ਲੇਖਾਂ ਦੀ ਇਕ ਲੜੀ ਵਿਚ ਇਹ ਵਿਚਾਰ ਦਸਿਆ ਸੀ ਕਿ ਅਕਾਲੀਆਂ ਵੱਲੋਂ ਅਨੰਦਪੁਰ ਰੇਜ਼ੂਲੇਸ਼ਨ ਦੀ ਪੂਰਤੀ ਲਈ ਜੋ ਮੋਰਚਾ ਸ਼ੁਰੂ ਕੀਤਾ ਗਿਆ ਹੈ, ਇਹ ਅਸਲ ਵਿਚ ਇਕ ਵੱਖਵਾਦੀ ਤਹਿਰੀਕ ਦਾ ਮੁੱਢ ਹੈ। ਉਹਦਾ ਕਹਿਣਾ ਸੀ ਕਿ ਮੰਗਾਂ ਨਾਲੋਂ ਮੰਗਾਂ ਦੇ ਪਿੱਛੇ ਜਿਹੜੀ ਸੋਚ ਕੰਮ ਕਰ ਰਹੀ ਹੈ, ਉਹਦਾ ਨੋਟਿਸ ਲੈਣਾ ਜ਼ਰੂਰੀ ਹੈ। ਉਹਦੀ ਪੇਸ਼ੀਨਗੋਈ ਸੀ ਕਿ ਜਿਉਂ ਜਿਉਂ ਇਹ ਮੋਰਚਾ ਅਜੇ ਵਧੇਗਾ, ਅਤਿਵਾਦੀ ਅਨਸਰ ਇਹਦੇ ਉਤੇ ਗ਼ਾਲਿਬ ਹੋਵੇਗਾ। ਜਦੋਂ ਕੁਝ ਰਾਜਸੀ ਪਾਰਟੀਆਂ ਦਾ ਵੀ ਅਤੇ ਕੁਝ ਪਤ੍ਰਕਾਰਾਂ ਦਾ ਵਿਚਾਰ ਬਣਿਆ ਸੀ ਕਿ ਮੋਰਚੇ ਦੀਆਂ ਕੁਝ ਮੰਗਾਂ ਮੰਨ ਕੇ ਸਮਝੌਤਾ ਕੀਤਾ ਜਾ ਸਕਦਾ ਹੈ ਤਾਂ ਅਰੂਨ ਸ਼ੋਰੀ ਨੇ ਖ਼ਬਰਦਾਰ ਕੀਤਾ ਸੀ, ਜੇਕਰ ਇਹ ਮੰਗਾਂ ਮੰਨੀਆਂ ਗਈਆਂ ਤਾਂ ਇਹ ਸਿੱਧ ਹੋ ਜਾਏਗਾ ਕਿ ਧਰਮ ਦੇ ਨਾਂ ਤੇ ਚਲਾਈ ਜਾ ਰਹੀ ਸਿਆਸਤ ਕਾਰਗਰ ਹੈ ਅਤੇ ਇਹ ਧਾਰਨਾ ਕਿ ਧਰਮ ਅਤੇ ਸਿਆਸਤ ਨੂੰ ਵੱਖ ਨਹੀਂ ਕੀਤਾ ਜਾ ਸਕਦਾ, ਪੱਕੀ ਤਰ੍ਹਾਂ ਸਥਾਪਤ ਹੋ ਜਾਏਗੀ। ਇਹ ਸਥਾਪਤੀ ਸਟੇਟ ਦੀ ਧਰਮ ਨਿਰਪੱਖਤਾ ਵਾਲੀਆਂ ਬੁਨਿਆਦਾਂ ਨੂੰ (ਜੋ ਕਿ ਪਹਿਲੇ ਹੀ ਡਾਂਵਾਂਡੋਲ ਹਨ) ਢਾਹ ਕੇ ਰੱਖ ਦਏਗੀ। ਇਕ ਖੁਲ੍ਹੇ ਡੁਲ੍ਹੇ ਸਮਾਜ ਦਾ ਸੁਪਨਾ, ਜਿਸ ਵਿਚ ਕੋਈ ਤੰਗਨਜ਼ਰੀ ਨਹੀਂ ਹੋਏਗੀ, ਤਹਿਸ਼ ਨਹਿਸ਼ ਹੋ ਜਾਏਗਾ। ਇਹਨਾਂ ਵਿਚਾਰਾਂ ਦਾ ਕੁਝ ਹਲਕਿਆਂ ਵਿਚ ਬੜਾ ਤਿੱਖਾ ਪ੍ਰਤੀਕ੍ਰਮ ਹੋਇਆ ਸੀ। ਅਮ੍ਰਿਤਸਰ ਵਿਚ ਉਸ ਅਖਬਾਰ ਦੀਆਂ ਕਾਪੀਆਂ ਸਾੜੀਆਂ ਗਈਆਂ ਸਨ, ਜਿਸ ਵਿਚ ਇਹ ਲੇਖ ਛਪਿਆ ਸੀ। ਆਉਣ ਵਾਲੇ ਸਮੇਂ ਨੇ ਦਸਿਆ ਕਿ ਅਰੂਨ ਸ਼ੋਰੀ ਕੋਈ ਗ਼ਲਤ ਨਹੀਂ ਸੀ। ਅਰੂਨੇ ਸ਼ੋਰੀ ਦੀ ਇਹ ਲਿਖਤ ਉਸੇ ਵਿਚਾਰ ਨੂੰ ਅੱਗੇ ਤੋਰਦੀ ਹੈ।

ਹੁਣ ਜਦੋਂ ਕਿ ਫੌਜ ਰਾਹੀਂ ,ਪੰਜਾਬ ਵਿਚ ਅਤਿ-ਵਾਦੀਆਂ ਦਾ ਕਿਲ੍ਹਾ ਤੋੜ ਦਿੱਤਾ ਗਿਆ ਹੈ ਤਾਂ ਸਰਕਾਰ ਇਸਨੂੰ ਆਪਣੀ ਇਕ ਪ੍ਰਾਪਤੀ ਦੱਸ ਕੇ ਨਾਮਣਾ ਖੱਟਣਾ ਚਾਹੇਗੀ, ਭਾਵੇਂ ਇਸ ਤਰਾਂ ਕਰਨਾ ਉਹਦਾ ਬਿਲਕੁਲ ਹੱਕ ਨਹੀਂ ਬਣਦਾ। ਇਸ ਮਸਲੇ ਨੂੰ ਦਿਓ ਕਦ ਦੇ ਰੂਪ ਵਿਚ ਵਧਣ ਦੇਣ ਦੀ ਜ਼ਿੰਮੇਵਾਰੀ ਪੂਰੇ ਤੌਰ ਤੇ ਸਰਕਾਰ ਤੇ ਆਉਂਦੀ ਹੈ। ਭਿੰਡਰਾਵਾਲਾ ਦਾ ਇਕ ਤਾਕਤ ਬਣਨਾ ਸਰਕਾਰ ਦੀਆਂ ਸਾਰੀਆਂ ਕਮਜ਼ੋਰੀਆਂ ਨੂੰ ਬਾਹਰ ਲਿਆਉਂਦਾ ਹੈ। ਫੌਜੀ ਕਾਰਵਾਈ ਕਰਨੀ ਪਈ, ਪਰ ਇਹ ਏਨੀ ਦੇਰ ਨਾਲ ਕਿਉਂ ਕੀਤੀ, ਸਰਕਾਰ ਇਸਦੀ ਜਵਾਬਦੇਹ ਹੈ ,ਕਿਉਂਕਿ ਫੌਜੀ ਕਾਰਵਾਈ ਤੋਂ ਪਹਿਲੇ 500 ਦੇ ਕਰੀਬ ਲੋਕਾਂ ਦੀ ਬਲੀ ਦਿਤੀ ਜਾ ਚੁਕੀ ਸੀ। ਇਹ ਕਹਿਣਾ ਕਿ ਦਰਬਾਰ ਸਾਹਿਬ ਵਿਚ ਵਡੇ ਪੈਮਾਨੇ ਤੇ ਕਿਲਾ ਬੰਦੀਆਂ ਕੀਤੀਆਂ ਗਈਆਂ ਸਨ, ਬੜੇ ਹਥਿਆਰ ਜਮਾਂ ਕੀਤੇ ਗਏ ਸਨ, ਸਰਕਾਰ ਉਤੇ ਇਲਜ਼ਾਮ ਨੂੰ ਹੋਰ ਵੀ ਸੰਗੀਨ ਬਣਾਉਂਦੇ ਹਨ ਕਿ ਸੁਰਕਾਰ ਪਹਿਲੇ ਸੁੱਤੀ ਕਿਉਂ ਰਹੀ ? ਭਿੰਡਰਾਂਵਾਲੇ ਨੇ ਸਿਖਾਂ ਦੀਆਂ ਕੁਝ ਮੰਗਾਂ ਲਈਆਂ, ਉਹਨਾਂ ਦੇ

ਜਜ਼ਬਾਤ ਨੂੰ ਭੜਕਾਇਆ ਤੇ ਦਲੀਲ ਇਹ ਦਿਤੀ ਕਿ ਸਰਕਾਰ ਕਿਉਂਕਿ ਹਿੰਦੂਆਂ ਦੀ ਹੈ, ਇਸ ਲਈ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ। ਉਹਨੇ ਇਸ ਸੰਘਰਸ਼ ਨੂੰ 'ਸਰਕਾਰ ਅਤੇ ਲੋਕਾਂ' ਦੇ ਦਰਮਿਆਨ ਦਾ ਰੂਪ ਨਾ ਦਿਤਾ, ਸਗੋਂ 'ਹਿੰਦੂ ਸਰਕਾਰ ਅਤੇ ਸਿਖਾਂ' ਦੇ ਦਰਮਿਆਨ ਦਾ ਰੂਪ ਦਿਤਾ। ਸਰਕਾਰ ਦੀ ਸਾਰੀ ਮਸ਼ੀਨਰੀ ਉਹਦੇ ਅਗੇ ਨਾਕਾਰਾ ਹੋ ਗਈ। ਹਿਟ ਲਿਸਟ ਦੇ ਡਰ ਨਾਲ ਵੱਡੇ ਵੱਡੇ ਅਫ਼ਸਰ ਜਿਹੜੇ ਆਮ ਲੋਕਾਂ ਨਾਲ ਸਲੂਕ ਵਿਚ ਬੜੇ ਲਾਟੀਕੀਨ ਬਣਦੇ ਸਨ, ਉਹਦੇ ਸਾਹਮਣੇ ਇਕ ਭਿੱਜੀ ਬਿੱਲੀ ਬਣ ਗਏ। ਇਹ ਸਭ ਕੁਝ ਕਿਉਂ ਹੋਇਆ ? ਪ੍ਰਬੰਧਕੀ ਢਾਂਚੇ ਦੇ ਇਸ ਤਰ੍ਹਾਂ ਬਹਿਸ ਹੋਣ ਦੀ ਵੱਡੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਉਤੇ ਜਾਂਦੀ ਹੈ, ਜਿਸਨੇ ਖੁਸ਼ਾਮਦ ਅਤੇ ਝੋਲੀਚੁਕੀ ਨੂੰ ਸਰਕਾਰ ਦਾ ਰਹੁਰੀਤੀ ਵਿਚ ਇਸ ਤਰਾਂ ਭਾਗ ਬਣਾਇਆ ਹੈ ਕਿ ਕੋਈ ਆਪਣੀ ਆਜ਼ਾਦ ਰਾਏ ਦੇਣ ਦਾ ਹੌਸਲਾ ਹੀ ਨਹੀਂ ਕਰਦਾ। ਹਾਂ ਵਿਚ ਹਾਂ ਮਿਲਾਕੇ ਆਪਣੀ ਜਾਨ ਬਚਾਉਣ ਦਾ ਅਤੇ ਜ਼ਿੰਮੇਵਾਰੀ ਗਲੋਂ ਲਾਹੁਣ ਦਾ ਉਪਰਾਲਾ ਕਰਦਾ ਹੈ। ਭ੍ਰਿਸ਼ਟਾਚਾਰ ਨਾਲ ਲੱਦੇ ਹੋਏ, ਬੇਹੌਸਲਾ ਇੰਤਜ਼ਾਮੀਆ ਨੇ ਬੜੀ ਬੇਸ਼ਰਮੀ ਨਾਲ ਹਥਿਆਰ ਸੁਟ ਦਿਤੇ। ਕੀ ਪ੍ਰਧਾਨ ਮੰਤਰੀ ਕੋਲ ਜਾਂ ਉਹਦੀ ਸਰਕਾਰ ਕੋਲ ਇਹਦਾ ਜਵਾਬ ਹੈ ? ਇਹ ਇਕ ਸਿਤਮਜ਼ਰੀਫ਼ੀ ਹੈ ਕਿ ਪ੍ਰਧਾਨ ਮੰਤਰੀ ਹਰ ਕਾਰਵਾਈ ਬਾਅਦ ਇਹ ਦਾਅਵਾ ਕਰਦੀ ਹੈ ਕਿ ਉਸਨੇ ਇਹ ਕਾਰਵਾਈ ਦੇਸ਼ ਦੀ ਏਕਤਾ ਨੂੰ ਮਜ਼ਬੂਤ ਕਰਨ ਲਈ ਕੀਤੀ ਹੈ, ਪਰ ਇਹ ਏਕਤਾ ਕਿਹੋ ਜਿਹੀ ਹੈ ਜਿਸ ਵਿਚ ਆਸਾਮ ਵਿਚ ਆਸਾਮੀਆਂ ਅਤੇ ਬੰਗਾਲੀਆਂ ਦੀ ਦੁਸ਼ਮਣੀ ਹੈ। ਜੰਮੂ ਕਸ਼ਮੀਰ ਵਿਚ ਹਿੰਦੂ ਮੁਸਲਮਾਨ ਇਕ ਦੂਜੇ ਦੇ ਵਿਰੁਧ ਹਨ। ਪੰਜਾਬ ਵਿਚ ਹਿੰਦੂ ਅਤੇ ਸਿੱਖ ਇਕ ਦੂਜੇ ਤੋਂ ਦੂਰ ਹੋ ਗਏ ਹਨ। ਦੇਸ਼ ਦੇ ਬਾਕੀ ਹਿਸਿਆਂ ਵਿਚ ਫਿਰਕੂ ਫ਼ਸਾਦ ਹੋ ਰਹੇ ਹਨ। ਇਲਾਕਾਈ ਰੁਚੀਆਂ ਵਧ ਰਹੀਆਂ ਹਨ। ਕੀ ਇਹ ਏਕਤਾ ਵਜੋਂ ਪ੍ਰਾਪਤੀ ਹੈ ਜਾਂ ਅਪ੍ਰਾਪਤੀ ? ਲੋਕਾਂ ਦਾ ਹੱਕ ਬਣਦਾ ਹੈ ਕਿ ਪ੍ਰਧਾਨ ਮੰਤਰੀ ਕੋਲੋਂ ਇਸ ਸਵਾਲ ਦਾ ਜਵਾਬ ਪੁਛਣ। ਉਹਨਾਂ ਦਾ ਇਹ ਵੀ ਪੁਛਣਾ ਬਣਦਾ ਹੈ ਕਿ ਕੀ ਹੁਣ ਦੇਸ ਦੀ ਸਿਆਸਤ ਏਨੀ ਨਿਘਰ ਗਈ ਹੈ ਕਿ ਕਿਸੇ ਵੀ ਮਸਲੇ ਨੂੰ ਸੁਲਝਾਉਣ ਲਈ ਫ਼ੌਜ ਬੁਲਾਉਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ? ਭਾਵੇਂ ਆਸ਼ਾਮ ਹੋਵੇ, ਭਾਵੇਂ ਪੰਜਾਬ ਹੋਵੇ। ਬਾਜ਼ੀ ਸਰ ਕਰਨ ਲਈ ਇਹੋ ਫ਼ੌਜ ਹੀ ਇਕੋ ਰੰਗ ਦਾ ਪਤਾ ਰਹਿ ਗਈ ਹੈ, ਪਰ ਜਦੋਂ ਇਹ ਰੰਗ ਦਾ ਪੱਤਾ ਮੁਕ ਗਿਆ, ਫੇਰ ? ਫ਼ੌਜ ਵਿਚ ਹੋਈ ਇਕਾ-ਦੁੱਕੀ ਬਗਾਵਤ ਇਹਦਾ ਸੰਕੇਤ ਕਰਦੀ ਹੈ। ਪੰਜਾਬ ਦੇ ਸੰਕਟ ਨੇ ਇਹ ਸਵਾਲ ਸਾਡੇ ਸਾਹਮਣੇ ਲਿਆਂਦੇ ਹਨ। ਇਹ ਸਵਾਲ ਵੀ ਹਨ ਤੇ ਸਾਨੂੰ ਕੁਝ ਸਬਕ ਵੀ ਸਿਖਾਂਦੇ ਹਨ। ਇਹ ਸਬਕ ਸਿਖਾਂਦੇ ਹਨ ਕਿ ਜਿਸ ਪ੍ਰਬੰਧ ਉਤੇ ਅਸੀਂ ਆਪਣੀ ਜਾਨ ਤੇ ਮਾਲ ਦੀ ਹਿਫ਼ਾਜ਼ਤ ਅਤੇ ਭਵਿਖ ਦੇ ਸੁਪਨਿਆਂ ਦੀ ਟੇਕ ਰੱਖੀ ਹੈ, ਉਹ ਕਿਤਨਾ ਭੁਰਭੁਰਾ, ਖੋਖਲਾ ਅਤੇ ਕਮਜ਼ੋਰ ਹੈ। ਅੱਜ ਇਕ ਭਿੰਡਰਾਂ ਵਾਲਾ ਉਠਿਆ ਸੀ ਕੱਲ ਹੋਰ ਵੀ ਉਠ ਸਕਦਾ ਹੈ। ਸਾਡੇ ਲਈ ਇਹ ਸਭ ਕੁਝ ਸੋਚਣਾ ਬਣਦਾ ਹੈ।

1-8 ਜੁਲਾਈ ਦੀ ਇਲਸਟਰੇਟਿਡ ਵੀਕਲੀ ਵਿਚ ਇਕ ਲੇਖ ਦਾ ਸਾਰਅੰਸ਼

## 4. ਫ਼ੌਜ ਅਤੇ ਪੰਜਾਬ

ਪੰਜਾਬ ਵਿਚ ਜਦੋਂ ਫ਼ੌਜ ਭੇਜੀ ਗਈ ਤਾਂ ਇਸਦੇ ਜ਼ਿੰਮੇ ਤਿੰਨ ਕੰਮ ਸੌਂਪੇ ਗਏ ਸਨ ਤੇ ਫ਼ੌਜੀ ਦਸਤਾਵੇਜ਼ਾਂ ਵਿਚ ਇਹਦੇ ਤਿੰਨ ਵੱਖ ਵੱਖ ਨਾਂ ਵੀ ਦਿਤੇ ਗਏ ਸਨ। ਇਹ ਕੰਮ ਸਨ :—

o ਅਪ੍ਰੇਸ਼ਨ ਬਲਊ ਸਟਾਰ (ਨੀਲਾ ਤਾਰਾ ਕਾਰਵਾਈ) ਇਸਦੇ ਥਲੇ ਇਹ ਜ਼ਿੰਮੇਵਾਰੀ ਸੀ ਕਿ ਹਰਮੰਦਰ ਸਾਹਿਬ ਤੋਂ ਸ਼ੁਰੂ ਕਰਕੇ ਪੰਜਾਬ ਸਾਰੇ ਨੂੰ ਅਤਿਵਾਦੀਆਂ ਤੋਂ ਸੁਰਖ਼ੁਰੂ ਕਰਵਾਉਣਾ ਹੈ। ਹਰਮੰਦਰ ਸਾਹਿਬ ਇਸ ਅਪ੍ਰੇਸ਼ਨ ਦਾ ਪਹਿਲਾ ਭਾਗ ਸੀ ਅਤੇ ਬਾਕੀ ਪੰਜਾਬ ਦੂਜਾ ਹਿੱਸਾ ਸੀ।

o ਅਪ੍ਰੇਸ਼ਨ ਮੈਟਲ (ਧਾਤ ਕਾਰਵਾਈ) ਭਿੰਡਰਾਂਵਾਲਾ ਅਤੇ ਉਹਦੇ ਸਾਥੀਆਂ ਨੂੰ ਪਕੜਨਾ ਸੀ।

o ਅਪ੍ਰੇਸ਼ਨ ਵੁਡਰੋਜ਼ (ਜੰਗਲੀ ਫੁਲ ਕਾਰਵਾਈ) ਪਾਕਿਸਤਾਨ ਨਾਲ ਲਗਦੀ ਸਰਹੱਦ ਨੂੰ ਪੂਰੀ ਤਰ੍ਹਾਂ ਮੋਹਰਬੰਦ ਕਰਨਾ ਹੈ, ਤਾਂ ਜੋ ਬਾਹਰੋਂ ਕੋਈ ਸ਼ਰਾਰਤ ਨਾ ਹੋ ਸਕੇ।

ਕਿਹਾ ਜਾ ਸਕਦਾ ਹੈ ਕਿ ਫ਼ੌਜ ਨੇ ਇਹਨਾਂ ਕੰਮਾਂ ਨੂੰ ਕਾਫ਼ੀ ਹੱਦ ਤਕ ਸਫਲਤਾ ਨਾਲ ਸਰਅੰਜਾਮ ਦਿਤਾ ਹੈ। (ਭਾਵੇਂ ਬਹੁਤ ਸਾਰੇ ਹਲਕਿਆਂ ਵਿਚ ਇਹ ਚਰਚਾ ਹੈ ਕਿ ਫ਼ੌਜੀ ਜਵਾਨਾਂ ਦਾ ਜੋ ਨੁਕਸਾਨ ਹਰਮੰਦਰ ਸਾਹਿਬ ਵਿਚ ਹੋਇਆ ਹੈ, ਉਹ ਕਾਹਲ ਵਿਚ ਨਹੀਂ, ਸਗੋਂ ਥੋੜਾ ਜਿਹਾ ਸੰਜਮ ਵਰਤਕੇ ਕਾਫ਼ੀ ਹੱਦ ਤਕ ਘਟਾਇਆ ਜਾ ਸਕਦਾ ਸੀ। ਪਰ ਹੁਣ ਫ਼ੌਜ ਜੋ ਕੁਝ ਪੰਜਾਬ ਵਿਚ ਤੇ ਖਾਸ ਕਰਕੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਜ਼ਿਲੇ ਵਿਚ ਕਰ ਰਹੀ ਹੈ, ਉਸ ਤੋਂ ਫ਼ੌਜ ਦੀ ਸਿਆਣਪ ਅਤੇ ਸੂਝ ਉਤੇ ਪੂਰਾ ਸ਼ੱਕ ਪੈਦਾ ਹੁੰਦਾ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਇਹਦਾ ਬਹੁਤ ਚਿਰ ਪੰਜਾਬ ਵਿਚ ਰਹਿਣਾ ਪੰਜਾਬ ਦੇ ਲੋਕਾਂ ਲਈ ਅਤੇ ਦੂਰਦ੍ਰਿਸ਼ਟੀ ਨਾਲ ਵੇਖੀਏ ਸਾਰੇ ਦੇਸ਼ ਲਈ ਬਹੁਤ ਵਡਾ ਖਤਰਾ ਹੈ। ਅਤਿਵਾਦੀਆਂ

ਦੇ ਸਫਾਏ ਦੇ ਆਰਡਰ ਨੂੰ ਇਹਨਾਂ ਇਹ ਸਮਝ ਰੁਖਿਆ ਹੈ ਕਿ ਪੰਜਾਬ ਨੂੰ ਭਿੰਡਰਾਂਵਾਲੇ ਦੇ ਸ਼ਰਧਾਲੂਆਂ ਤੋਂ ਸਾਫ ਕਰ ਦਿਤਾ ਜਾਏ। ਇਸ ਅਸੰਭਵ ਕੰਮ ਨੂੰ ਸਿਰੇ ਚਾੜ੍ਹਣ ਲਈ ਉਹ ਪਿੰਡਾਂ ਦਾ ਘੇਰਾ ਪਾ ਲੈਂਦੇ ਹਨ। ਕਿਸੇ ਕਾਂਗਰਸੀ ਜਾਂ ਹੋਰ ਟਾਊਟ ਕਿਸਮ ਦੇ ਬੰਦੇ ਤੋਂ ਗ਼ਲਤ ਜਿਹੀ ਸੂਹ ਲੈ ਕੇ ਉਹ ਪਿੰਡ ਦੇ ਨੌਜਵਾਨਾਂ ਨੂੰ ਬਾਹਰ ਖੇਤਾਂ ਵਿਚ ਲੈ ਜਾਂਦੇ ਹਨ ਜਾਂ ਗਡੀਆਂ ਵਿਚ ਬਿਠਾ ਕੇ ਆਰਜ਼ੀ ਤੌਰ ਤੇ ਬਣਾਏ ਹੋਏ ਪੁਛ ਗਿੱਛ ਕੇਂਦਰਾਂ ਵਿਚ ਲੈ ਜਾਂਦੇ ਹਨ। ਅੱਠ ਦੱਸ ਘੰਟੇ ਉਹਨਾਂ ਦੀਆਂ ਅੱਖਾਂ ਤੇ ਪੱਟੀ ਬੰਨਕੇ ਧੁੱਪੇ ਖੜਾ ਰਖਦੇ ਹਨ। ਫੇਰ ਥੋੜੀ ਬਹੁਤ ਪੁਛ ਗਿੱਛ ਕਰਕੇ ਛੱਡ ਦੇਂਦੇ ਹਨ। ਇਹ ਸਾਰੀ ਕਾਰਵਾਈ ਸਿਰਫ ਦਹਿਸ਼ਤ ਪਾਣ ਲਈ ਕੀਤੀ ਜਾਂਦੀ ਹੈ। ਕਿਸੇ ਦੁਸ਼ਮਣ ਦੇਸ਼ ਦੇ ਲੋਕਾਂ ਵਿਚ ਇਹੋ ਜਹੀ ਦਹਿਸ਼ਤ ਪਾਉਣਾ ਸ਼ਾਇਦ ਫੌਜੀ ਦਾਉਪੇਚਾਂ ਵਿਚ ਜਾਇਜ਼ ਹੋਵੇ, ਪਰ ਅਪਣੇ ਹੀ ਲੋਕਾਂ ਨਾਲ ਇਹ ਸਲੂਕ ਅਤੇ ਖਾਸ ਕਰਕੇ ਉਸ ਇਲਾਕੇ ਵਿਚ ਜਿਥੇ ਭਵਿਖ ਵਿਚ ਗਵਾਂਢੀ ਦੇਸ਼ ਨਾਲ ਕਿਸੇ ਹੀ ਝਗੜੇ ਵਿਚ ਫੌਜ ਨੇ ਅਪਣੀ ਮੋਰਚਾਬੰਦੀ ਕਰਨੀ ਹੈ, ਇਕ ਬੜਾ ਹੀ ਖਤਰਨਾਕ ਅਮਲ ਹੈ, ਜਿਸ ਤੇ ਫੌਰਨ ਠੱਲ ਪੈਣੀ ਚਾਹੀਦੀ ਹੈ। ਪਿੰਡਾਂ ਵਿਚ ਜੇਕਰ ਸਿਧੀਆਂ ਸਾਧੀਆਂ ਔਰਤਾਂ ਫੌਜ ਦੇ ਜਵਾਨਾਂ ਨੂੰ ਵੇਖ ਕੇ ਇਹ ਆਖਣ "ਆ ਗਏ ਟੁੱਟ ਪੈਣੇ, ਰੱਬ ਕਰੇ ਇਹਨਾਂ ਨੂੰ ਕੀੜੇ ਪੈਣ" ਤਾਂ ਇਹ ਫਿਕਰ ਵਾਲੀ ਗੱਲ ਹੈ। ਇਹ ਉਹੀ ਇਲਾਕੇ ਹਨ ਜਿਥੇ 1965 ਅਤੇ 1971 ਦੀ ਲੜਾਈ ਵੇਲੇ ਇਹਨਾਂ ਹੀ ਔਰਤਾਂ ਨੇ ਅਪਣੇ ਫੌਜੀ ਵੀਰਾਂ ਲਈ ਚਾਅ ਨਾਲ ਰੋਟੀਆਂ ਪੱਕਾ ਕੇ ਅਤੇ ਚਾਹਾਂ ਬਣਾਕੇ ਭੇਜੀਆਂ ਸਨ। ਫੌਜ ਦੇ ਉੱਚ ਹਲਕਿਆਂ ਨੂੰ ਸਾਧਾਰਨ ਲੋਕਾਂ ਦੇ ਇਸ ਪ੍ਰਤੀਕਰਮ ਦਾ ਨੋਟਿਸ ਲੈਣਾ ਚਾਹੀਦਾ ਹੈ। /ਪੰਜਾਬ ਦੇ ਕਿਸੇ ਫਰੰਟ ਤੋਂ ਇਕ ਫੌਜੀ ਦੀ ਚਿੱਠੀ

o

## 5. ਮੰਦਭਾਗੀ ਘਟਨਾਵਾਂ ਦੇ ਸਬਕ ਸਤਪਾਲ ਡਾਂਗ

ਇਹ ਮੰਗ ਕੀਤੀ ਜਾ ਰਹੀ ਹੈ ਕਿ ਫੌਜ ਹਰਿਮੰਦਰ ਸਾਹਿਬ ਤੋਂ ਫੌਰਨ ਵਾਪਸ ਬੁਲਾ ਲਈ ਜਾਵੇ ਅਤੇ ਹਰਿਮੰਦਰ ਸਾਹਿਬ ਸਾਰੇ ਸ਼ਰਧਾਲੂਆਂ ਲਈ ਖੋਹਲ ਦਿਤਾ ਜਾਵੇ। ਇਹ ਵੀ ਮੰਗ ਹੋ ਰਹੀ ਹੈ ਕਿ ਅਕਾਲ ਤਖਤ ਦੀ ਮੁਰੰਮਤ ਸਰਕਾਰ ਵਲੋਂ ਨਹੀਂ, ਸਗੋਂ ਕਾਰ ਸੇਵਾ ਰਾਹੀਂ ਹੋਣੀਂ ਚਾਹੀਦੀ ਹੈ। ਕੁਛ ਲੋਕਾਂ ਦੀ ਇਹ ਵੀ ਮੰਗ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਦਾ ਕੰਟਰੋਲ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਦੇ ਦਿਤਾ ਜਾਏ।

ਹਰੇ ਇਕ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਅਤੇ ਸਰੋਵਰ ਵਿਚ ਅਸ਼ਨਾਨ ਅਥਵਾ ਕਾਰ ਸੇਵਾ ਦੇ ਜਜ਼ਬੇ ਦਾ ਆਦਰ ਕਰਨਾ ਚਾਹੀਦਾ ਹੈ। ਨਾਲ ਹੀ ਨਾਲ ਇਸ ਗੱਲ ਨੂੰ ਵੀ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਅਜੇ ਤੱਕ ਦਰਬਾਰ ਸਾਹਿਬ ਕੰਪਲੈਕਸ ਅੰਦਰੋਂ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਹੋ ਰਿਹਾ ਹੈ।

ਇਸ ਗੱਲ ਨੂੰ ਯਕੀਨੀ ਬਨਾਉਣਾ ਵੀ ਜ਼ਰੂਰੀ ਹੈ ਜੋ ਕੁਛ ਅਗੇ ਦਰਬਾਰ ਸਾਹਿਬ ਅੰਦਰ ਹੋਇਆ ਹੈ ਉਹ ਮੁੜ ਨਹੀਂ ਹੋਵੇਗਾ। ਮੁਰੰਮਤ ਦੇ ਕੰਮ ਲਈ ਕਾਰ ਸੇਵਾ ਦੀ ਆਗਿਆ ਹੋਣੀ ਚਾਹੀਦੀ ਹੈ ਪਰ ਇਹ ਰਾਜਸੀ ਜਾਂ ਅਤਿਵਾਦੀ ਪ੍ਰਚਾਰ ਦਾ ਸਾਧਨ ਨਹੀਂ ਬਨਣੀ ਚਾਹੀਦੀ।

ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਹੀ ਕਮਿਸ਼ਨਰ ਜਲੰਧਰ ਵਲੋਂ ਸਾਰੀਆਂ ਪਾਰਟੀਆਂ ਦੀ ਅੰਮ੍ਰਿਤਸਰ ਵਿਖੇ ਬੁਲਾਈ ਮੀਟਿੰਗ ਨੇ ਸਾਰੇ ਸਬੰਧਤ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਅਜਿਹੀ ਹਾਲਤ ਪੈਦਾ ਕਰਨ ਲਈ ਮਦਦ ਤੇ ਮਿਲਵਰਤਣ ਦੇਣ ਜਿਸ ਨਾਲ ਛੇਤੀ ਤੋਂ ਛੇਤੀ ਹਰਿਮੰਦਰ ਸਾਹਿਬ ਨੂੰ ਖੋਹਲ ਦੇਣਾ ਸੰਭਵ ਹੋ ਸਕੇ।

ਸਾਰੀਆਂ ਖੱਬੀਆਂ, ਜਮਹੂਰੀ ਦੇਸ਼ ਭਗਤ ਤੇ ਸੈਕੂਲਰ ਸ਼ਕਤੀਆਂ ਨੂੰ ਸਖਤ ਘੋਲ ਕਰਨਾ ਪੈਣਾ ਹੈ। ਫੌਰੀ ਕੰਮ ਇਹ ਹੈ ਕਿ ਫਿਰਕੂ ਅਮਨ ਤੇ ਸਦਭਾਵਨਾ ਨੂੰ ਹਰ ਕੀਮਤ ਉਤੇ ਕਾਇਮ ਰਖਿਆ ਜਾਵੇ। ਇਸ ਕੰਮ ਵਾਸਤੇ ਜ਼ਰੂਰੀ ਹੈ ਕਿ ਸਿੱਖ ਜਨਤਾ ਅੰਦਰ ਸਬਰ ਤੇ ਠਰੰਮੇ ਨਾਲ ਸਮਝਾਊ ਮੁਹਿੰਮ ਚਲਾਈ ਜਾਵੇ ਕਿ ਉਹ ਕਿਹੜੇ ਹਾਲਾਤ ਸਨ ਜਿਹਨਾਂ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਦਹਿਸ਼ਤਪਸੰਦਾਂ ਨੂੰ ਬਾਹਰ ਕੱਢਣ ਲਈ ਫੌਜੀ ਐਕਸ਼ਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ।

ਹਿੰਦੂਆਂ ਨੂੰ ਆਪਣੇ ਸਿੱਖ ਭਰਾਵਾਂ ਦੇ ਰੰਜ ਤੇ ਸ਼ੋਕ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਹਿੰਦੂ ਫਿਰਕਾਪ੍ਰਸਤਾਂ ਦੀ ਖੇਡ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਇਸ ਗੱਲ ਉਤੇ ਬਹਿਸ ਵਿਚਾਰ ਹੋਣੀ ਚਾਹੀਦੀ ਹੈ ਕਿ ਕੀ ਇਸ ਐਕਸ਼ਨ ਦੀ ਨੌਬਤ ਆਉਣ ਤੋਂ ਬਚਿਆ ਨਹੀਂ ਸੀ ਜਾ ਸਕਦਾ? ਹਾਲਤ ਏਥੋਂ ਤਕ ਵਿਗੜ ਜਾਣ ਦੇ ਕੌਣ ਕੌਣ ਜ਼ੁਮੇਵਾਰ ਹਨ।

ਜੇ ਹੁਕਮਰਾਨ ਤੇ ਵਿਰੋਧੀ ਬੁਰਜੂਆ ਪਾਰਟੀਆਂ (ਸਮੇਤ ਅਕਾਲੀ ਦਲ ਦੇ) ਆਪਣੇ ਚੋਣ ਲਾਭਾਂ ਨੂੰ ਕੌਮੀ ਲਾਭਾਂ ਦੇ ਉਤੇ ਨਾ ਰਖਦੀਆਂ ਤਾਂ 'ਪੰਜਾਬ ਮੰਗਾਂ" ਦਾ ਫੈਸਲਾ ਕਦੋਂ ਦਾ ਹੋ ਗਿਆ ਹੁੰਦਾ ਅਤੇ ਇਸ ਨਾਲ ਅਤਿਵਾਦੀਆਂ ਦਾ ਨਿਖੇੜਾ ਸੁਖਾਲਾ ਹੋ ਜਾਂਦਾ, ਅਜਿਹੇ ਕਿਸੇ ਸਮਝੌਤੇ ਦੀ ਅਣਹੋਂਦ ਨੇ ਅਤਿਵਾਦੀ ਤੇ ਵੱਖਵਾਦੀ ਸ਼ਕਤੀਆਂ ਨੂੰ ਬਹੁਤ ਤਕੜਿਆਂ ਕੀਤਾ।

ਇਸ ਸਭ ਕੁਝ ਤੋਂ ਮੁਨਾਸਬ ਸਬਕ ਕਢਣੇ ਜ਼ਰੂਰੀ ਹਨ। ਕੌਮੀ ਏਕਤਾ ਅਤੇ ਪੰਜਾਬ ਦੇ ਲਾਭ ਅਥਵਾ ਦੂਜਿਆਂ ਸੰਬੰਧਤ ਰਾਜਾਂ ਦੇ ਲਾਭਾਂ ਨੂੰ ਮੁੱਖ ਰਖਦਿਆਂ

ਪੰਜਾਬ ਦੀਆਂ ਮੰਗਾਂ ਸੰਬੰਧੀ ਰਾਜਸੀ ਹੱਲ ਲੱਭਣ ਦਾ ਹਰ ਜਤਨ ਹੋਣਾ ਚਾਹੀਦਾ ਹੈ।

ਪੰਜਾਬ ਦੇ ਪਰਸ਼ਾਸ਼ਨ ਖਾਸ ਕਰਕੇ ਪੁਲੀਸ ਦੀ ਵਡੇ ਪੈਮਾਨੇ ਉਤੇ ਮੁੜ ਜਥੇਬੰਦੀ ਹੋਣੀ ਚਾਹੀਦੀ ਹੈ।

ਇਸ ਗੱਲ ਲਈ ਢੰਗ ਤਰੀਕੇ ਲਭਣੇ ਪੈਣਗੇ ਜਿਸ ਨਾਲ ਯਕੀਨੀ ਹੋ ਜਾਵੇ ਕਿ ਅਗੋਂ ਲਈ ਕੋਈ ਧਾਰਮਿਕ ਅਸਥਾਨ ਹਥਿਆਰਾਂ ਦਾ ਭੰਡਾਰ ਤੇ ਕਾਤਲਾਂ ਦਾ ਪਨਾਹਗਾਹ ਨਾ ਬਣ ਸਕੇ।

"ਸਿਖ ਗੁਲਾਮ ਹਨ", "ਸਿਖ ਵਖਰੀ ਕੌਮ ਹਨ", "ਸਿਖ ਧਰਮ ਖਾਲਿਸਤਾਨ ਜਾਂ ਸਿਖ ਰਾਜ ਤੋਂ ਬਗੈਰ ਵਧ ਫੁਲ ਨਹੀਂ ਸਕਦਾ" ਇਤਆਦਿ ਬੋਲਿਆਂ ਦੀ ਅਸਲੀਅਤ ਨੰਗੀ ਕਰਨ ਵਾਸਤੇ ਰਾਜਨੀਤਕ ਤੇ ਵਿਚਾਰ-ਧਾਰਕ ਮੁਹਿੰਮ ਚਲਾਉਣੀ ਚਾਹੀਦੀ ਹੈ।

ਵੱਡੀ ਗੱਲ ਇਹ ਹੈ ਕਿ ਧਰਮ ਅਤੇ ਰਾਜਨੀਤੀ ਨੂੰ ਵੱਖ ਵੱਖ ਰੱਖਣਾ ਯਕੀਨੀ ਬਣਾਇਆ ਜਾਵੇ। ਸਿਖ ਜਨਤਾ ਦੀ ਇਹ ਗੱਲ ਸਮਝਣ ਵਿਚ ਮਦਦ ਕੀਤੀ ਜਾਵੇ ਕਿ ਅੱਜ ਦੀ ਦੁਨੀਆਂ ਵਿਚ "ਸਿਖ ਧਰਮ ਤੇ ਰਾਜਨੀਤੀ ਵੱਖ ਨਹੀਂ ਕੀਤੀ ਜਾ ਸਕਦੀ" ਦਾ ਨਾਅਰਾ ਰਾਜਨੀਤੀ ਤੇ ਧਰਮ ਦੋਹਾਂ ਲਈ ਹਾਨੀਕਾਰਕ ਹੈ।/ਨ.ਜ਼ਮਾਨਾ 8 ਜੁਲਾਈ

## 6. ਸਾਡੀ ਹਮਦਰਦੀ ਦੇ ਹੱਕਦਾਰ ਸਾਧਾਰਨ ਫੌਜੀ ਜਿਨ੍ਹਾਂ ਨੇ ਬਗਾਵਤ ਕੀਤੀ

ਜਦੋਂ ਕਿਸੇ ਦੇਸ਼ ਦਾ ਪ੍ਰਬੰਧ ਵਿਗੜਦਾ ਹੈ, ਉਹਦੀ ਜ਼ਿਮੇਵਾਰੀ ਤਾਂ ਹਾਕਮਾਂ ਦੀ ਹੁੰਦੀ ਹੈ, ਪਰ ਨੁਕਸਾਨ ਸਾਰਾ ਸਾਧਾਰਨ ਬੰਦਿਆਂ ਦਾ ਹੁੰਦਾ ਹੈ, ਪੰਜਾਬ ਦਾ ਦੁਖਾਂਤ 'ਪ੍ਰਬੰਧਕੀ ਅਸਫਲਤਾ' ਦੀ ਇਕ ਜ਼ੀਂਦੀ ਜਾਗਦੀ ਮਿਸਾਲ ਹੈ। ਪਰ ਕੀ ਇਕ 'ਪ੍ਰਬੰਧਕੀ ਅਸਫਲਤਾ' ਦੇ ਜ਼ਿਮੇਵਾਰ ਲੋਕਾਂ ਨੂੰ ਕੋਈ ਆਂਚ ਆਈ? ਗਿਆਨੀ ਜ਼ੈਲ ਸਿੰਘ ਉਸੇ ਤਰ੍ਹਾਂ ਪ੍ਰਧਾਨ ਹੈ, ਸ੍ਰੀਮਤੀ ਇੰਦਰਾ ਉਸੇ ਤਰ੍ਹਾਂ ਪ੍ਰਧਾਨ ਮੰਤਰੀ ਹੈ। ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਦਰਬਾਰਾਂ ਸਿੰਘ ਦੀ ਵਜ਼ਾਰਤ ਹਟਾ ਕੇ ਗਵਰਨਰੀ ਰਾਜ ਕਾਇਮ ਕਰ ਦਿਤਾ ਹੈ। ਇਕ ਇੰਸਪੈਕਟਰ ਜਨਰਲ ਪੁਲਸ ਬਦਲਕੇ ਭਿੰਡਰ ਲਿਆਇਆ ਜਾਂਦਾ ਹੈ, ਫੇਰ ਭਿੰਡਰ ਬਦਲਕੇ ਢਿਲੋਂ ਲਿਆਇਆ ਜਾਂਦਾ ਹੈ ਢਿਲੋਂ ਬਦਲਕੇ ਕੋਈ ਬਰਾੜ ਲੈ ਆਂਦਾ ਜਾਏਗਾ। ਇਸ ਤਰ੍ਹਾਂ ਪਾਂਡੇ ਬਦਲਕੇ ਸਤਾਰਾਵਾਲਾ ਆ ਜਾਏਗਾ ਤੇ ਸਤਾਰਾਵਾਲਾ ਬਦਲਕੇ ਕੋਈ ਹੋਰ ਲੈ ਆਂਦਾ ਜਾਏਗਾ। ਪ੍ਰਬੰਧਕੀ ਸੁਧਾਰ ਦੀਆਂ ਗੱਲਾਂ ਕੀਤੀਆਂ ਜਾਣਗੀਆਂ, ਪਰ ਪਰਨਾਲਾ ਰਹੇਗਾ ਉਥੇ ਹੀ। ਸਾਧਾਰਨ ਬੰਦਿਆਂ ਦੇ ਨੁਕਸਾਨ ਦਾ ਜਾਇਜ਼ਾ ਇਸਤਰ੍ਹਾਂ ਲਗਾਇਆ ਜਾ ਸਕਦਾ ਹੈ ਕਿ ਫੌਜੀ ਕਾਰਵਾਈ ਤੋਂ ਪਹਿਲੇ 500 ਜਾਨਾਂ ਦਾ ਨੁਕਸਾਨ

## ਪਿੰਡ ਤੋਂ ਆਈ ਇਕ ਚਿੱਠੀ ਦਾ ਇਕ ਫੌਜੀ ਵੱਲੋਂ ਜਵਾਬ

ਪਿੰਡ ਤੋਂ ਦੋਸਤ ਦੀ ਚਿੱਠੀ ਆਈ ਹੈ। ਮਿਹਣਾ ਹੈ 'ਫੌਜੀਆਂ ਦੇਖ ਲਿਆ ਤੁਹਾਡਾ ਰਾਜ। ਕੀ ਤੁਹਾਨੂੰ ਇਹੀ ਸਿਖਾਇਆ ਗਿਆ ਹੈ ਕਿ ਹਰ ਇਕ ਨਾਲ ਖਰਵਾ ਕੂਹੋ, ਨਿੱਕੇ ਵੱਡੇ ਦੀ ਤਾਮੀਜ਼ ਨਾ ਰਖੋ, ਰਫਲਾਂ ਦੀਆਂ ਬੱਟਾ ਨਾਲ ਹੁੱਜਾਂ ਮਾਰੋ ..' ਮੇਰੇ ਦੋਸਤ, ਤੈਨੂੰ ਕੀ ਦਸਾਂ, ਇਹ ਸਾਡਾ ਰਾਜ ਨਹੀਂ, ਜੇ ਸਾਡਾ ਰਾਜ ਹੁੰਦਾ ਤਾਂ ਇਹ ਨਾ ਹੁੰਦਾ ਕਿ ਕੋਈ ਕਾਤਲ ਟੋਲਾ ਬੇਗੁਨਾਹਾਂ ਦਾ ਕਤਲ ਕਰਕੇ ਧਾਰਮਕ ਅਸਥਨਾਂ ਵਿਚ ਪਨਾਹ ਲੈਂਦਾ। ਜੇ ਸਾਡਾ ਰਾਜ ਹੁੰਦਾ ਤਾਂ ਧਾਰਮਕ ਅਸਥਾਨਾਂ ਤੇ ਹਥਿਆਰ ਦਾ ਜ਼ਖੀਰਾ ਨਾ ਜਮਾਂ ਕਰਨ ਦਿਤਾ ਜਾਂਦਾ। ਜੇ ਸਾਡਾ ਰਾਜ ਹੁੰਦਾ ਤਾਂ ਮੇਰੇ ਸਾਥੀਆਂ ਦੇ ਹੱਥ ਬੰਨਕੇ ਹਰਮੰਦਰ ਸਾਹਿਬ ਵਿਚ ਬਗੈਰ ਬਚਾਅ ਦੇ ਵਰਦੀਆਂ ਗੋਲੀਆਂ ਵਿਚ ਅਗੇ ਨਾ ਧਕੇਲਿਆ ਜਾਂਦਾ। ਜੇ ਸਾਡਾ ਰਾਜ ਹੁੰਦਾ ਤਾਂ ਸਾਡੇ ਪੂਜਨਯੋਗ ਹਰਮੰਦਰ ਸਾਹਿਬ ਦੀ ਇਹ ਤਬਾਹੀ ਨਾ ਹੁੰਦੀ, ਜਿਸ ਹਰਮੰਦਰ ਸਾਹਿਬ ਦੀ ਹਰ ਚੌਥੀ ਸਿੱਲ ਤੇ ਸਾਡੀ ਕਿਸੇ ਨਾ ਕਿਸੇ ਬਟਾਲੀਅਨ ਦਾ ਨਾਂ ਹੈ, ਜਿਸਨੇ ਅਪਣੀ ਨੇਕ ਕਮਾਈ ਨਾਲ ਹਰਮੰਦਰ ਸਾਹਿਬ ਦੀ ਉਸਾਰੀ ਵਿਚ ਹਿੱਸਾ ਪਾਇਆ। ਮੈਂ ਇਸਨੂੰ ਨੇਕ ਕਮਾਈ ਕਹਿੰਦਾ ਹਾਂ ਕਿਉਂਕਿ ਇਹ ਲਹੂ ਪਸੀਨੇ ਦੀ ਕਮਾਈ ਹੈ। ਜਾਨਾਂ ਹੂਲਣੇ ਦੀ ਕਮਾਈ ਹੈ। ਕਿਸੇ ਬਲੈਕੀਏ ਸਮਗਲਰ, ਕਾਲੇ ਧੰਦੇ ਜਾਂ ਇੰਕਮਟੈਕਸ ਚੋਰ ਦੀ ਕਮਾਈ ਨਹੀਂ। ਮੇਰੇ ਦੋਸਤ ਜੇ ਸਾਡਾ ਰਾਜ ਹੁੰਦਾ ਤਾਂ ਸਾਡੀ ਕਦੀ ਇਹ ਸਿਖਲਾਈ ਨਾ ਹੁੰਦੀ ਕਿ ਖਰਵਾ ਬੋਲੋ, ਨਿਕੇ ਵੱਡੇ ਦੀ ਤਾਮੀਜ਼ ਨਾ ਰਖੋ, ਰਫਲਾਂ ਦੀਆਂ ਹੁੱਜਾਂ ਮਾਰੋ। ਇਹ ਸਾਡਾ ਰਾਜ ਨਹੀਂ। ਇਹ ਵਡਿਆਂ ਦਾ ਰਾਜ ਹੈ, ਜੋ ਕੁਰਸੀਆਂ ਦੀ ਖੇਡਾਂ ਵਿਚ ਸਾਨੂੰ ਮਰਵਾਂਦੇ ਨੇ ਸਾਧਾਰਨ ਜੰਤਾ ਨੂੰ ਮਰਵਾਂਦੇ ਨੇ।

'ਮੇਰੇ ਦੋਸਤ, ਜੇ ਸਾਡਾ ਰਾਜ ਆਇਆ ਤਾਂ ਤੇਰੇ ਸਾਰੇ ਗਿਲੇ ਦੂਰ ਕਰ ਦੇਵਾਂਗੇ ਕਿਉਂਕਿ ਉਸ ਵੇਲੇ ਸਾਨੂੰ ਪਤਾ ਹੋਵੇਗਾ ਕਿ ਇਹ ਬੰਦੂਕਾਂ ਕਿਧਰ ਸੇਧਣੀਆ ਹਨ। ○○

ਹੋਇਆ, ਫੌਜੀ ਕਾਰਵਾਈ ਵੇਲੇ 119 ਜਵਾਨ ਤੇ ਅਫਸਰ ਮਰੇ, 372 ਹਮੇਸ਼ਾ ਲਈ ਅਪਾਹਜ ਹੋ ਗਏ, 1500 ਦੇ ਕਰੀਬ ਲੋਕ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਮਰੇ ਜਿਨ੍ਹਾਂ ਵਿਚੋਂ ਬਹੁਤੇ ਸਾਧਾਰਨ ਯਾਤਰੂ ਜਾਂ ਲੌਂਗੋਵਾਲ ਦੇ ਸਹਿਯੋਗੀ ਜਾਂ ਦਰਬਾਰ ਸਾਹਿਬ ਦੇ ਸੇਵਾਦਾਰ ਸਨ, ਜਿਹਨਾਂ ਦਾ ਕਿਸੇ ਹਿੰਸਕ ਕਾਰਵਾਈ ਨਾਲ ਕੋਈ ਸਬੰਧ ਨਹੀਂ ਸੀ। ਜਿੰਨਾ ਚਿਰ ਫੌਜ ਰਹੇਗੀ, ਹੋਰ

ਵੀ ਬਹੁਤ ਸਾਰੀਆਂ ਜਾਨਾਂ ਦਾ ਨੁਕਸਾਨ ਹੋਣ ਦਾ ਅੰਦੇਸ਼ਾ ਹੈ। ਪਰ ਪੰਜਾਬ ਦੇ ਪਿੰਡਾਂ ਵਿਚ ਮਾਤਮਪੁਰਸੀ ਦਾ ਵੱਡਾ ਦੌਰ ਉਸ ਵੇਲੇ ਚਲਣਾ ਹੈ, ਜਦੋਂ ਉਹਨਾਂ ਫੌਜੀਆਂ ਦਾ ਕੋਰਟ ਮਾਰਸ਼ਲ ਹੋਣਾ ਹੈ, ਜੋ ਹਰਿਮੰਦਰ ਸਾਹਿਬ ਉਤੇ ਫੌਜੀ ਕਾਰਵਾਈ ਉਪਰੰਤ ਜਜ਼ਬਾਤੀ ਤੌਰ ਤੇ ਪ੍ਰਭਾਵਤ ਹੋ ਕੇ ਬਗਾਵਤ ਦੇ ਰਾਹ ਤੇ ਚਲੇ। ਇਕ ਜਾਣਕਾਰ ਹਲਕੇ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਇਹਨਾਂ ਦੀ ਗਿਣਤੀ 3000 ਦੇ ਕਰੀਬ ਹੈ। ਹੈ। ਫੌਜੀ ਕਚਹਿਰੀ ਵਿਚ ਇਹਨਾਂ ਦੀ ਸਜ਼ਾ ਮੌਤ ਤੋਂ ਲੈ ਕੇ ਲੰਮੇ ਅਰਸੇ ਦੀ ਬਾਮੁਸ਼ੱਕਤ ਕੈਦ ਹੈ। ਇਹ ਸਾਰੇ ਜਵਾਨ ਕੁਝ ਗਰੀਬ ਕਿਸਾਨੀ ਵਿਚੋਂ ਹਨ ਪਰ ਬਹੁਤੇ ਭੂਮੀਹੀਨ ਖੇਤ ਮਜ਼ਦੂਰ ਟਬਰਾਂ ਵਿਚੋਂ ਹਨ। ਇਹ ਮੁਸੀਬਤ ਹੁਣ ਇਹਨਾਂ ਟੱਬਰਾਂ ਤੇ ਜਾਏਗੀ, ਇਨ੍ਹਾਂ ਬਾਰੇ ਇਹ ਪੱਕੀ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਫਿਰਕੂ ਨਫ਼ਰਤ ਦੀ ਚੁੱਪ ਜੰਗ, ਜਿਹੜੀ ਪਿਛਲੇ 3 ਸਾਲ ਵੱਖ ਵੱਖ ਫਿਰਕਿਆਂ ਵਿਚ ਪੰਜਾਬ ਵਿਚ ਲੜੀ ਜਾ ਰਹੀ ਸੀ, ਉਸ ਜੰਗ ਵਿਚ ਸਮਾਜ ਦੇ ਇਸ ਨੀਵੇਂ ਤਬਕੇ ਨੇ ਸਭ ਤੋਂ ਵਧ ਆਪਣੇ ਆਪ ਨੂੰ ਕਾਇਮ ਰਖਿਆ ਅਤੇ ਯਕੀਨ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਨਿਰਪੇਖਤਾ ਦੀ ਕਸਵੱਟੀ ਤੇ ਇਹ ਤਬਕਾ ਸਾਰਿਆਂ ਨਾਲੋਂ ਵੱਧ ਮਜ਼ਬੂਤ ਸਾਬਿਤ ਹੋਇਆ। ਇਹਨਾਂ ਲੋਕਾਂ ਦੀਆਂ ਚੰਡੀਗੜ੍ਹ ਵਿਚ ਕੋਈ ਕੋਠੀਆਂ ਨਹੀਂ ਕਿ ਇਹਨਾਂ ਨੂੰ ਚੰਡੀਗੜ੍ਹ ਪੰਜਾਬ ਵਿਚ ਚਾਹੀਦਾ ਹੈ। ਇਹਨਾਂ ਦੀਆਂ ਕੋਈ ਜ਼ਮੀਨਾਂ ਨਹੀਂ ਕਿ ਇਨ੍ਹਾਂ ਨੂੰ ਪਾਣੀ ਚਾਹੀਦਾ ਹੈ। ਇਹਨਾਂ ਦੇ ਘਰਾਂ ਵਿਚ ਬਿਜਲੀ ਦੇ ਲੈਂਪ ਜਾਂ ਪੱਖੇ ਨਹੀਂ ਕਿ ਘੱਟ ਬਿਜਲੀ ਇਹਨਾਂ ਦੀ ਜ਼ਿੰਦਗੀ ਨੂੰ ਔਖਾ ਕਰ ਦੇਵੇਗੀ। ਇਨ੍ਹਾਂ ਵਾਸਤੇ ਦਰਬਾਰ ਸਾਹਿਬ ਉਸ ਗੁਰੂ ਦਾ ਚਿਨ੍ਹ ਸੀ, ਜਿਸਨੇ ਊਚ ਨੀਚ ਦੇ ਫਰਕ ਨੂੰ ਹਟਾਇਆ। ਇਸ ਕਰਕੇ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਨੇ ਅਤੇ ਇਹਨਾਂ ਖਬਰਾਂ ਨੇ ਕਿ ਦਰਬਾਰ ਸਾਹਿਬ ਫੌਜੀ ਗੋਲ਼ਾਬਾਰੀ ਨਾਲ ਮਲੀਆਮੇਟ ਕਰ ਦਿਤਾ ਗਿਆ ਹੈ, ਉਹਨਾਂ ਵਿਚ ਫੌਰੀ ਪ੍ਰਤੀਕਰਮ ਪੈਦਾ ਕੀਤਾ। ਇਹ ਇਹਨਾਂ ਦਾ ਕਸੂਰ ਨਹੀਂ। ਇਸ ਮੌਕੇ ਤੇ ਬੜੇ ਬੜੇ ਕਹਿੰਦੇ ਕਹਾਉਂਦੇ ਸਿਆਣੇ ਲੋਕ ਹਿੱਲ ਗਏ ਸਨ। ਖਬਰ ਹੈ ਕਿ ਗਿਆਨੀ ਜ਼ੈਲ ਸਿੰਘ ਆਪ ਹਿਲ ਗਿਆ ਸੀ। ਉਸਦੀ ਤਸੱਲੀ ਕਰਵਾਉਣ ਲਈ ਉਹਨੂੰ ਹਰਿਮੰਦਰ ਸਾਹਿਬ ਲਿਆਉਣਾ ਪਿਆ ਜਦੋਂ ਕਿ ਗੋਲੀਆਂ ਇਕਾ ਦੁਕਾ ਹਾਲੀ ਚਲ ਰਹੀਆਂ ਸਨ। ਦੇਸ਼ ਦੇ ਹਿਤ ਵਿਚ ਸੋਚਣ ਵਾਲੇ ਸਾਰੇ ਲੋਕਾਂ ਦਾ ਫਰਜ਼ ਹੈ ਕਿ ਉਹ ਸਰਕਾਰ ਉਤੇ ਜ਼ੋਰ ਪਾਉਣ ਕਿ ਇਹਨਾਂ ਫੌਜੀਆਂ ਦੀ ਵਕਤੀ ਬਗਾਵਤ ਨੂੰ ਇਸੇ ਪਿਛੋਕੜ ਵਿਚ ਵੇਖਣ। ਸਖਤ ਕਾਰਵਾਈ ਦੀ ਥਾਂ ਹਮਦਰਦੀ ਦੇ ਰਵਈਏ ਨਾਲ ਇਹਨਾਂ ਨੂੰ ਭਾਵੁਕ ਅਹਿਸਾਸ ਕਰਵਾਕੇ ਫੌਜ ਦੀ ਜ਼ਿੰਦਗੀ ਦੀ ਮੁਖਧਾਰਾ ਵਿਚ ਸ਼ਾਮਿਲ ਹੋਣ ਦਾ ਇਕ ਹੋਰ ਮੌਕਾ ਦਿਤਾ ਜਾਣਾ ਚਾਹੀਦਾ ਹੈ।

ਕਰਨਲ ਐਮ.ਐਸ ਸਿਧੂ

ਇਕ ਚਿੱਠੀ ਹਿੰਦੋਸਤਾਨ ਟਾਈਮਜ਼ 13 ਜੁਲਾਈ

## 7. ਕਾਲੇ-ਹਾਸ਼ੀਏ ! ਸੁਨਿਹਰੀ ਅੱਖਰ ??

## ਆਪਰੇਸ਼ਨ ਬਿਲਿਊ-ਸਟਾਰ

ਪੰਜਾਬ ਵਿਚ ਪਿਛਲੇ ਦੋ (ਤਿੰਨ) ਸਾਲਾਂ ਤੋਂ ਜੋ ਲਹੂ-ਭਿੱਜੀਆਂ ਹਵਾਵਾਂ ਚੱਲ ਰਹੀਆਂ ਨੇ, ਅੰਬਰੀਂ ਮਨੁਖੀ ਮਿੱਝ ਉੱਡ ਰਹੀ ਹੈ। ਇਨ੍ਹਾਂ ਦਾ ਜ਼ਿਕਰ ਜਿੱਥੇ ਪੰਜਾਬ ਦੇ ਇਤਿਹਾਸ ਵਿਚ ਕਾਲੇ ਹਾਸ਼ੀਏ ਨਾਲ ਲਿਖਿਆ ਜਾਏਗਾ; ਉਥੇ ਦਰਬਾਰ ਸਾਹਿਬ ਕੰਪਲੈਕਸ ਵਿਚ ਕੀਤੀ ਗਈ ਫੌਜੀ ਕਾਰਵਾਈ ਦੀ ਸਫ਼ਲਤਾ ਦੀ ਚਰਚਾ, ਸਰਕਾਰੀ ਤੇ ਫੌਜੀ ਉੱਚ-ਹਲਕਿਆਂ ਵਿਚ 'ਅਪਰੇਸ਼ਨ ਬਿਲਿਊ ਸਟਾਰ' ਦੇ ਨਾਂ ਹੇਠ ਸੁਨਹਿਰੀ ਸ਼ਬਦਾਂ 'ਚ ਕੀਤੀ ਜਾਏਗੀ। ਤੇ ਖੱਟਣ-ਕਮਾਉਣ ਵਾਲੇ ਹੋਣਗੇ : ਜਨਰਲ ਦਿਆਲ, ਜਨਰਲ ਸੁੰਦਰਜੀ ਤੇ ਜਨਰਲ ਬਰਾੜ ਸਾਹਿਬ !!

ਪੰਜਾਬ ਦੀ ਮੌਜੂਦਾ ਸਥਿਤੀ ਨਾਲ ਸੰਬੰਧਤ ਭੂਤ, ਵਰਤਮਾਨ ਤੇ ਭਵਿੱਖ ਬਾਰੇ ਅਣਗਿਣਤ ਤਲਖ਼ ਸਵਾਲ ਹਵਾ 'ਚ ਲਟਕ ਰਹੇ ਹਨ। ਇਨ੍ਹਾਂ ਸਵਾਲਾਂ ਦੀ ਸਮਝ ਸਾਨੂੰ ਨਹੀਂ ਪੈਂਦੀ। ਅਸੀਂ ਜੋ ਭਰਤੀ ਹੀ ਇਸ ਲਈ ਕੀਤੇ ਜਾਂਦੇ ਹਾਂ ਕਿ ਲੋੜ ਪੈਣ ਉਤੇ ਸਾਨੂੰ ਭੱਠੀ ਦੇ ਬਾਲਣ ਵਾਂਗ ਮਚਦੀਆਂ ਅੱਗਾਂ ਵਿਚ ਝੋਕਿਆ ਜਾ ਸਕੇ। ਅਸੀਂ, ਜੋ ਦੇਸ਼ ਦੀ ਏਕਤਾ, ਆਜ਼ਾਦੀ ਤੇ ਆਨ-ਸ਼ਾਨ ਦੇ ਰਖਵਾਲੇ ਹਾਂ, ਜਿਨ੍ਹਾਂ ਨੇ ਭੀੜ ਪੈਣ ਉਤੇ ਮੌਤ ਨਾਲ ਵੀ ਮੱਥਾ ਡਾਹ ਲੈਣਾ ਹੈ। ਅਸੀਂ, ਜਿਨ੍ਹਾਂ ਦੇਸ਼-ਧਰੋਹੀ (ਬਾਹਰੀ ਤੇ ਅੰਦਰੂਨੀ) ਤਾਕਤਾਂ ਨਾਲ ਅੰਨੇ ਮੇਹਰੂਆਂ ਦੀ ਤਰਾਂ ਸਹੁੰ ਖਾਧੀ ਹੋਈ ਹੈ, ਜਿਨ੍ਹਾਂ ਦੀ ਮੌਤ ਉਤੇ ਕੌਮੀ ਤਰਾਨੇ ਗਾਏ ਜਾਂਦੇ ਹਨ, ਜਸ਼ਨ ਮਨਾਏ ਜਾਂਦੇ ਹਨ। ਇਕ ਪਾਸੇ ਸਾਡੇ ਸਿਵੇ ਬਲਦੇ ਹਨ, ਦੂਜੇ ਪਾਸੇ ਸਾਡੇ ਅਫਸਰਾਂ ਨੂੰ ਤਾਰਿਆਂ ਸਿਤਾਰਿਆਂ ਨਾਲ ਮੜ੍ਹਿਆ ਜਾਂਦਾ ਹੈ ??

ਸਭ ਜਾਣਦੇ ਹਨ ਕਿ ਦਰਬਾਰ ਸਾਹਿਬ ਕੰਪਲੈਕਸ ਦੀ ਬੜੀ ਮਜ਼ਬੂਤੀ ਨਾਲ ਕਿਲੇਬੰਦੀ ਕੀਤੀ ਗਈ ਸੀ। ਅੰਦਰ ਕਮਰ-ਕੱਸੇ ਬੰਨ੍ਹੀ ਬੈਠੇ 'ਮਰਜੀਵੜੇ' ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਸਨ। ਦਿੱਲੀ ਦੇ ਤਖ਼ਤ ਉਤੇ ਬੈਠੀ ਰਾਣੀ ਨੂੰ ਦੋ ਸਾਲਾਂ ਬਾਅਦ ਇਕ ਰਾਤ ਸੁਫ਼ਨੇ 'ਚ ਫੁਰੀ ਕਿ ਹਰਿਮੰਦਰ ਸਾਹਿਬ ਹੁਣ ਪੂਜਾ ਦਾ ਪਵਿੱਤਰ ਅਸਥਾਨ ਨਾ ਰਹਿ ਕੇ ਸਮਾਜ ਤੇ ਦੇਸ਼-ਵਿਰੋਧੀ ਅਨਸਰਾਂ

ਦਾ ਅੱਡਾ ਬਣ ਗਿਆ ਹੈ ਉਥੇ ਦੇਸ਼ ਦੀ ਏਕਤਾ ਤੇ ਸੁਰਖਿਆ ਨੂੰ ਢਾਹ ਲਾਉਣ ਵਾਲੇ ਅਤਿਵਾਦੀਆਂ (ਤੇ ਮੇਰੇ ਦੁਸ਼ਮਣਾਂ) ਨੇ ਛਾਉਣੀਆਂ ਪਾ ਲਈਆਂ ਹਨ, ਤੇ ਹੁਣ ਉਨ੍ਹਾਂ ਦਾ ਸਫ਼ਾਇਆ ਕੀਤੇ ਬਿਨਾਂ ਹੋਰ ਕੋਈ ਚਾਰਾ ਚਾਰਾ ਨਹੀਂ...

ਚੰਗੇ ਜਾਂ ਮੰਦੇ ਭਾਗਾਂ ਨੂੰ ਸਾਡੀ ਬਟਾਲੀਅਨ 'ਆਪਰੇਸ਼ਨ ਬਿਲਿਊ-ਸਟਾਰ' ਦੀਆਂ ਮੋਹਰਲ'ਆਂ ਸਫ਼ਾਂ 'ਚ ਨਹੀਂ ਹੀ ਜਿਨ੍ਹਾਂ ਨੂੰ ਹਰਿਮੰਦਰ ਸਾਹਿਬ ਦੇ ਅਹਾਤੇ 'ਚੋਂ ਅਤਿਵਾਦੀਆਂ ਦਾ ਸਫ਼ਾਇਆ ਕਰਨ ਦਾ 'ਕਾਰਜ' ਸੌਂਪਿਆ ਗਿਆ ਸੀ। ਚੰਗੇ-ਭਾਗ ਇਸ ਲਈ ਕਿ ਅਨਮੋਲ-ਜੀਵਨ ਭੰਗ ਦੇ ਭਾੜੇ ਨਹੀਂ ਗਿਆ, ਮਾੜੇ-ਭਾਗ ਇਸ ਲਈ ਕਿ ਸੈਂਕੜੇ-ਹਜ਼ਾਰਾਂ ਮਰਨ ਵਾਲਿਆਂ ਵਿਚ ਜੇਕਰ ਆਪਾਂ ਵੀ ਹੁੰਦੇ, ਘਟੋ ਘਟ 'ਸ਼ਹੀਦ' ਤਾਂ ਅਖਵਾਉਂਦੇ !!

ਅਪਰੇਸ਼ਨ ਬਿਲਿਊ-ਸਟਾਰ ਤਹਿਤ ਜਦੋਂ ਫੌਜੀ ਜਵਾਨਾਂ ਨੂੰ ਹਦਾਇਤਾਂ ਦਿੱਤੀਆਂ ਜਾ ਰਹੀਆਂ ਸਨ, (ਜਵਾਨ ਜੋ ਜਾਣਦੇ ਸਨ ਕਿ ਅਸੀਂ 'ਬਲਦੀ ਦੇ ਬੂੰਥੇ' ਮਰਨ ਜਾ ਰਹੇ ਹਾਂ) ਤਾਂ ਉਨ੍ਹਾਂ ਨੂੰ ਸਾਫ-ਸਾਫ ਸ਼ਬਦਾਂ 'ਚ ਕਿਹਾ ਗਿਆ ਸੀ ਕਿ ਉਹ ਹਰਿਮੰਦਰ ਸਾਹਿਬ ਵਲ ਨਿਸ਼ਾਨਾ ਨਹੀਂ ਸੇਧਣਗੇ, ਉਧਰੋਂ ਭਾਵੇਂ ਗੋਲੀਆਂ (ਤੇ ਗੋਲਿਆਂ), ਰਾਕਟਾਂ (ਤੇ ਮਿਜ਼ਾਇਲਾਂ) ਦਾ ਮੀਂਹ ਪਿਆ ਵਰ੍ਹੇ। ਇਹ ਵੀ ਕਿ ਉਨਾਂ (ਮਾਵਾਂ ਦੇ ਬੱਚੇ ਤੇ ਸਾਊ ਪੁੱਤਾਂ) ਨੂੰ ਭਾਵੇਂ ਜਾਨੋਂ ਹੱਥ ਧੋਣੇ ਪੈਣ, ਪਰ ਉਹ ਭੁੱਲ ਕੇ ਵੀ ਆਤਮ-ਬਚਾਓ ਦੀ ਖ਼ਾਤਰ ਗੋਲਡਨ ਟੈਂਪਲ ਦੀ ਤਰਫ ਜਵਾਬੀ ਗੋਲੀ ਨਹੀਂ ਚਲਾਉਣਗੇ। ਲੋਕੋ ! ਉਹ ਫੌਜੀ-ਜਵਾਨ ਕੋਈ ਲਕੜ ਦੇ ਗੁੱਡੇ ਜਾਂ ਰੂੰਅ-ਕਪੜੇ ਦੇ ਪੁਤਲੇ ਨਹੀਂ ਸਨ, ਉਹ ਮਾਵਾਂ ਦੇ ਪੁੱਤ ਸਨ (ਮਾਵਾਂ, ਜਿਨ੍ਹਾਂ ਵਿਛੋੜੇ ਜਾਇਆਂ ਨੂੰ ਨੌਕਰੀ 'ਤੇ ਤੋਰਨ ਲਗਿਆਂ ਹੰਝੂਆਂ ਦੇ ਦਰਿਆ ਵਹਾ ਦਿਤੇ ਸਨ) ਉਹ ਤ੍ਰੀਮਤਾਂ ਦੇ ਸੁਹਾਗ ਸਨ (ਤ੍ਰੀਮਤਾਂ, ਜੋ ਹਜ਼ਾਰਾਂ-ਕੋਹਾਂ ਦੂਰ ਬੈਠੀਆਂ ਇਹੋ ਸੁੱਖ ਮੰਗਦੀਆਂ ਨੇ ਕਿ ਗੋਲੇ-ਬਰੂਦ 'ਚ ਖੇਡਦਿਆਂ ਵੀ ਉਨਾਂ ਦੇ ਮਰਦਾਂ ਨੂੰ ਤੱਤੀ ਵਾ ਨਾ ਲਗੇ) ਉਹ ਨੰਨੇ-ਬਾਲਾਂ ਦੇ ਬਾਪ ਸਨ (ਬਾਲ ਜੋ ਨਿੱਤ ਸਵਾਲ ਕਰਦੇ ਹਨ, 'ਦਾਦੀ ਮਾਂ ! ਪਿਤਾ ਜੀ ਕਦੋਂ ਛੁੱਟੀ ਔਣਗੇ ?'—'ਮੰਮੀ ਮੰਮੀ ! ਡੈਡੀ ਨੇ ਮੈਨੂੰ ਚਿਠੀ ਵਿਚ ਟਾ-ਟਾ ਲਿਖੀ ਐ ?') ਇਹ ਕੇਹੀ ਜ਼ਿੰਦਗੀ ਹੈ ਦੋਸਤੋ ! ਤੁਸੀਂ ਗੋਲੀਆਂ ਦੀ ਬਾਛੜ 'ਚੋਂ ਗੁਜ਼ਰ ਰਹੇ ਹੋਵੋ ਪਰ ਤੁਹਾਨੂੰ ਆਤਮ-ਸੁਰਖਿਆ ਲਈ ਮੋੜਵਾਂ ਫਾਇਰ ਕਰਨ ਦੀ ਆਗਿਆ ਤਕ ਨਾ ਹੋਵੇ ???...ਤੇ ਸਾਡੇ ਬਹੁਤੇ ਸਾਥੀ, ਸੱਚ ਜਾਣੋ ! ਨਿਹਥੇ ਤੇ ਨਿਹਕੇ ਮਾਰੇ ਗਏ। ਉਹ ਲੜਦੇ ਲੜਦੇ ਨਹੀਂ ਮਰੇ, ਬਲਕਿ ਉਨ੍ਹਾਂ ਨੂੰ ਮਾਰਿਆ ਗਿਆ, ਜਾਂ ਮੋਹਰੇ ਹੋ ਹੋ ਮਰਨ ਲਈ ਮਜਬੂਰ ਕੀਤਾ ਗਿਆ ਤਾਂ ਜੋ ਅਪ੍ਰੇਸ਼ਨ ਬਿਲਿਊ-ਸਟਾਰ ਦਾ ਮਿਸ਼ਨ ਅਗਾਂਹ ਵਧ ਸਕੇ ??

ਸਾਰੇ ਜਹਾਨ ਨੂੰ ਖਬਰ ਹੈ ਕਿ ਹਰਿਮੰਦਰ ਸਾਹਿਬ ਕੰਪਲੈਕਸ 'ਚ ਡੇਰੇ ਜਮਾਈ ਬੈਠੇ ਸੂਰਮੇ ਕਿਸੇ ਮੰਤਵ ਲਈ "ਧਰਮ-ਯੁੱਧ" ਲੜ ਰਹੇ ਸਨ, ਉਨ੍ਹਾਂ ਸ਼ਹੀਦੀ-ਜਾਮਾ ਪਹਿਨ ਰੱਖਿਆ ਸੀ, ਉਹ ਤਾਂ ਜਾਨ ਤਲੀ 'ਤੇ ਲਈ ਫਿਰਦੇ ਸਨ ਉਨ੍ਹਾਂ ਦੀ ਹਰ ਕਾਰ੍ਹਵਾਈ ਨਿੱਝਕ,

## ਲੋੜ ਹੈ, ਧਰਮਨਿਰਪੱਖਤਾ ਵਾਲੀ ਪੰਜਾਬ ਪੱਧਰ ਦੀ ਇਕ ਰਾਜਸੀ ਪਾਰਟੀ

ਪੰਜਾਬ ਵਿਚ ਸਾਰੀਆਂ ਜਾਤੀਆਂ ਨੇ ਇਕੱਠੇ ਰਹਿਣਾ ਹੈ। ਪੰਜਾਬ ਦੇ ਮੌਜੂਦਾ ਸੰਕਟ ਨੇ ਦਸਿਆ ਹੈ ਕਿ ਸਥਾਪਤ ਰਾਜਸੀ ਪਾਰਟੀਆਂ ਵਿਚੋਂ ਇੰਦਰਾ ਗਾਂਧੀ ਆਪ ਤੇ ਉਹਦੀ ਇੰਦਰਾ ਕਾਂਗਰਸ ਸਿੱਖਾਂ ਦਾ ਵਿਸ਼ਵਾਸ ਮੁੱਕਮਲ ਤੌਰ ਤੇ ਖੋ ਬੈਠੀ ਹੈ। ਗੁਰਦੁਆਰਿਆਂ ਨੂੰ ਅਪਣੇ ਹੈਡਕਵਾਟਰ ਬਣਾ ਕੇ ਚਲਣ ਵਾਲੀ ਅਕਾਲੀ ਪਾਰਟੀ ਇਸ ਯੋਗ ਨਹੀਂ ਕਿ ਲੋਕਾਂ ਨੂੰ ਸਹੀ ਅਗਵਾਈ ਦੇ ਸਕੇ। ਭਾਰਤੀ ਜੰਨਤਾ ਪਾਰਟੀ ਅਤੇ ਜੰਤਾ ਪਾਰਟੀ ਵੱਖ ਵੱਖ ਸੂਬਿਆਂ ਵਿਚ ਵੱਖ ਵੱਖ ਬੋਲੀਆਂ ਬੋਲਣ ਵਾਲੇ ਲੀਡਰਾਂ ਦੀਆਂ ਪਾਰਟੀਆਂ ਪੰਜਾਬ ਦੇ ਹਿੱਤ ਵਿਚ ਕਦੀ ਨਹੀਂ ਹੋ ਸਕਦੀਆਂ। ਕਮਿਊਨਿਸਟ ਪਾਰਟੀਆਂ ਹਾਂ ਪੱਖੀ ਇਛਾਵਾਂ ਰਖਦੀਆਂ ਹੋਈਆਂ ਵੀ ਆਪਣੀਆਂ ਕੌਮਾਤਰੀ ਮਜਬੂਰੀਆਂ ਕਾਰਣ ਪੰਜਾਬ ਦੇ ਲੋਕਾਂ ਵਿਚ ਆਪਣੇ ਪੈਰ ਨਹੀਂ ਲਗਾ ਸਕੀਆਂ। ਇਹੋ ਦੁਖਾਂਤ ਕਮਿਊਨਿਸਟ ਇਨਕਲਾਬੀਆਂ ਦਾ ਹੈ। ਇਸ ਹਾਲਤ ਵਿਚ ਇਕ ਸਿਆਸੀ ਖਿਲਾਅ ਪੈ ਗਿਆ ਹੈ। ਇਸ ਖਿਲਾਅ ਨੂੰ ਫੌਰੀ ਪੂਰਾ ਕਰਨ ਲਈ (ਭਾਵੇਂ ਇਸ ਨੂੰ ਫਸਟ ਏਡ (First Aid) ਹੀ ਸਮਝਿਆ ਜਾਏ) ਧਰਮ ਨਿਰਪੱਖਤਾ ਵਾਲੀ ਪੰਜਾਬ ਪੱਧਰ ਦੀ ਇਕ ਰਾਜਸੀ ਪਾਰਟੀ ਦੀ ਲੋੜ ਹੈ। ਪੰਜਾਬ 'ਚ ਇਸ ਪਾਰਟੀ ਦੇ ਏਲਾਨੀਆਂ ਨਿਸ਼ਾਨੇ ਇਹ ਹੋਣ ਕਿ ਪੰਜਾਬ ਸਾਰੇ ਪੰਜਾਬੀਆਂ ਦਾ ਸਾਂਝਾ ਹੈ ਅਤੇ ਸਾਰਿਆਂ ਨੇ ਰਲਕੇ ਇਹਦੀ ਉੱਨਤੀ ਕਰਨੀ ਹੈ। ਪੰਜਾਬ ਦੇ ਮਸਲੇ ਲੈ ਕੇ ਕੇਂਦਰ ਨਾਲ ਸਾਂਝੇ ਮੰਚ ਤੋਂ ਸੰਘਰਸ਼ ਕਰਨਾ ਹੈ। ਪੰਜਾਬ ਨੂੰ ਸਾਫ ਸੁਥਰਾ ਪ੍ਰਬੰਧ ਦੇਣਾ ਹੈ ਅਤੇ ਵੱਡੀ ਗੱਲ ਇਹਨੂੰ ਇਕ ਪਾਸੇ ਆਤੰਕਵਾਦ ਤੋਂ ਅਤੇ ਦੂਸਰੇ ਪਾਸੇ ਫੌਜੀ ਬੂਟਾਂ ਤੋਂ ਸੁਰਖਰੂ ਰਖਣਾ ਹੈ।

ਸਹੀ ਸੋਚਣ ਵਾਲੇ ਸਾਰੇ ਪੰਜਾਬੀਆਂ ਨੂੰ ਅਗੇ ਆਕੇ ਇਕ ਸਾਂਝੀ ਕਨਵੈਨਸ਼ਨ ਵਿਚ ਇਸ ਪਾਰਟੀ ਦੀ ਨੀਂਹ ਰਖਣੀ ਚਾਹੀਦੀ ਹੈ।

**ਗੁਰਤੇਜ ਸਿੰਘ-ਰੋਸ਼ਨ ਲਾਲ—ਪਟਿਆਲਾ**

ਨਿਧੜਕ ਤੇ ਸਫਲ ਸੀ, ਉਨ੍ਹਾਂ ਦੇ ਸਵਾਸ ਤੱਕ ਆਪਣੇ ਗੁਰੂ ਤੇ ਆਸ਼ੇ ਨੂੰ ਸਮਰਪਤ ਸਨ। ਉਨ੍ਹਾਂ ਦੀਆਂ ਮੰਗਾਂ ਜਾਇਜ਼ ਸਨ ਜਾਂ ਨਾਜਾਇਜ਼, ਉਨ੍ਹਾਂ ਦੀ ਲੜਾਈ ਹੱਕੀ ਸੀ ਜਾਂ ਨਿਹੱਕੀ। ਸਾਨੂੰ ਇਸ ਦੀ ਬਹੁਤੀ ਜਾਣਕਾਰੀ ਨਹੀਂ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਜਿਹੀਆਂ "ਗੈਰ-ਜ਼ਰੂਰੀ" ਗੱਲਾਂ-ਬਾਤਾਂ ਬਾਬਤ ਕੁੱਝ ਜਾਨਣਾ ਸਾਡੇ ਲਈ ਮਨ੍ਹਾਂ ਹੈ, ਕੋਈ ਰਾਇ ਬਨਾਉਣੀ ਅਸੂਲੋਂ-ਉਲਟ ਤੇ ਕਿਸੇ ਦਾ ਪੱਖ ਪੂਰਨਾ : ਕੋਰਾ ਜੁਰਮ। ਸਰਕਾਰ ਜਦੋਂ ਜ਼ਰੂਰੀ ਸਮਝਦੀ ਹੈ, ਸਾਨੂੰ ਰਾਤ-ਬਰਾਤੇ ਅੱਖਾਂ ਉਤੇ ਪੱਟੀਆਂ ਬੰਨ੍ਹ ਕੇ ਬੇਪਛਾਣ ਜੂਹਾਂ 'ਚ ਗੋਡੇ-ਕੂਹਣੀਆਂ ਰਗੜਾਉਣ ਲਈ ਛੱਡ ਦਿੱਤਾ ਜਾਂਦਾ ਹੈ; ਹਰ ਮਸਲੇ ਦਾ ਅਖੀਰੀ ਤੇ ਲਾਜਵਾਬ ਹੱਲ : ਆਰਮੀ ਐਕਸ਼ਨ !!

ਕੱਲ੍ਹ ਆਸਾਮ ਸੀ ? ਅੱਜ ਸਾਨੂੰ ਪੰਜਾਬ 'ਚ ਵਾੜਕੇ ਜੋ ਸਾਡੇ ਹੱਥ ਮੈਲੇ ਕੀਤੇ ਗਏ ਹਨ, ਇਹ ਬੜੀ ਮਨਹੂਸ ਘੱਟਨਾ ਹੈ। ਜਿਵੇਂ ਕਿ ਇੱਕ ਰੀਟਾਇਰ ਜਨਰਲ ਨੇ ਆਖਿਆ ਹੈ : "ਸਰਕਾਰ ਦੀ ਰਾਜਨੀਤਕ ਸਦਭਾਵਨਾ ਤੇ ਪਹੁੰਚ ਦੀ ਅਵਰਦ ਕਾਰਨ ਪੰਜਾਬ ਦੀ ਸਥਿੱਤੀ ਉਥੇ ਤੱਕ ਅੱਪੜੀ ਜਦੋਂ ਕਿ ਫ਼ੌਜੀ-ਕਾਰਵਾਈ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ। ਫ਼ੌਜ ਹੜ੍ਹਾਂ ਜਾਂ ਭੁਚਾਲ ਆਦਿ ਕੁਦਰਤੀ ਆਫਤਾਂ ਵੇਲੇ ਆਮ ਜਨਤਾ ਦੀ ਸਹਾਇਤਾ ਲਈ ਬਹੁੜਨ ਤੋਂ ਬਿਨ੍ਹਾਂ ਦੂਸਰੀਆਂ ਸਮਾਜਿਕ ਸਮੱਸਿਆਵਾਂ ਤੇ ਮਸਲਿਆਂ 'ਚ ਦਖਲ-ਅੰਦਾਜ਼ੀ ਕਰਨ ਤੋਂ ਨਫਰਤ ਕਰਦੀ ਹੈ। ਪੰਜਾਬ ਮਸਲੇ ਨਾਲ ਸੰਬੰਧਤ ਇਹ ਕਾਰਜ ਜੋ ਫ਼ੌਜ ਨੂੰ ਸੌਂਪਿਆ ਗਿਆ, ਬਹੁਤ ਹੀ ਨਾਖੁਸ਼ਗਵਾਰ ਸੀ। ਜੇਕਰ ਅੱਜ ਤੋਂ ਦੋ ਸਾਲ ਪਹਿਲਾਂ ਹੀ ਜ਼ਰੂਰੀ ਪਹਿਲ-ਕਦਮੀਆ ਕੀਤੀਆਂ ਜਾਂਦੀਆਂ, ਤਾਂ ਜੋ ਘਾਣ ਮਨੁੱਖੀ-ਜਾਨਾਂ ਦਾ ਅੱਜ ਹੋਇਆ ਹੈ, ਜੋ ਬੇਪਨਾਹ ਨੁਕਸਾਨ ਪੰਜਾਬ ਤੇ ਦੇਸ਼ ਨੂੰ ਸਮੁੱਚੇ ਤੌਰ 'ਤੇ ਪੁੱਜਾ ਹੈ, ਇਸ ਤੋਂ ਭਲੀ-ਭਾਂਤ ਬਚਿਆ ਜਾ ਸਕਦਾ ਸੀ। ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬਿਨਾਂ ਕਿਸੇ ਪੱਖਅਤ ਦੇ "ਸੱਚ" ਨੂੰ ਲੋਕਾਂ ਸਾਹਮਣੇ ਪੇਸ਼ ਕਰੇ। ਅੱਜ ਲੋੜ ਹੈ ਕਿ ਇਸ ਕਾਰਵਾਈ ਕਾਰਨ ਜੋ ਠੇਸ ਸਿਖ-ਭਾਈਚਾਰੇ ਦੀਆਂ ਭਾਵਨਾਵਾਂ ਨੂੰ ਪੁੱਜੀ ਹੈ, ਉਸ ਨੂੰ ਸਾਵਾਂ ਕਰਨ ਲਈ ਤੁਰੰਤ ਕਦਮ ਚੁੱਕੇ ਜਾਣ... ਗਹਿਰੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹ ਆਰਮੀ ਐਕਸ਼ਨ ਸਾਡੇ ਆਪਣੇ ਨਾਗਰਿਕਾਂ ਦੇ ਖਿਲਾਫ ਹੋਇਆ ਹੈ, ਨਾ ਕਿ ਕਿਸੇ ਦੁਸ਼ਮਣ ਦੇ !!'

ਦਰੁੱਸਤ ਗੱਲ ਹੈ। ਦੁਸ਼ਮਣ ਦੁਸ਼ਮਣ ਨਾਲ ਭਿੜੇ, ਲੜੇ ਤੇ ਲੜਦਾ-ਲੜਦਾ ਮਰ ਜਾਏ, ਕੋਈ ਅਣਹੋਣੀ ਗੱਲ ਨਹੀਂ। ਅੱਜ ਭਾਰਤ-ਦੇਸ਼ ਚਹੁੰ-ਪਾਸਿਆਂ ਤੋਂ ਖਤਰਿਆਂ ਨਾਲ ਘਿਰਿਆ ਪਿਆ ਹੈ, ਉਹ ਘੜੀ ਬੜੀ ਖੁਸ਼ਗਵਾਰ ਹੋਵੇਗੀ, ਜਦੋਂ ਅਸੀਂ ਸਰਹੱਦਾਂ ਉੱਤੇ ਬਾਹਰੀ ਦੁਸ਼ਮਣਾਂ ਨਾਲ ਲੜਦੇ ਲੜਦੇ ਮਰ ਜਾਈਏ। ਪਰੰਤੂ ਸਰਕਾਰ, ਪ੍ਰਸਾਸ਼ਨੀ ਅਮਲੇ-ਫੈਲੇ ਤੇ ਬੁਰਜੂਆਂ ਪਾਰਟੀਆਂ ਦੀਆਂ ਮਿਲੀਆਂ-ਜੁਲੀਆਂ ਖੁਦਗਰਜ਼ੀਆਂ, ਕਮਜ਼ੋਰੀਆਂ ਤੇ ਨਾਲਾਇਕੀਆਂ ਕਾਰਨ ਦੇਸ਼ ਦੇ ਅੰਦਰ ਉਪਜੀਆਂ ਸਮਸਿਆਵਾਂ ਤੇ ਸੰਕਟਾਂ ਵਿਚ, ਸਾਨੂੰ ਜੋ-ਬਲੀ ਦੇ ਬਕਰੇ ਬਣਾਕੇ ਭੇਂਟ ਕੀਤਾ ਜਾਂਦਾ ਹੈ, ਸਾਡੇ ਲਈ ਇਸ ਤੋਂ ਵੱਡੀ ਦੁਖਦਾਇਕ ਗੱਲ ਹੋਰ ਕੋਈ ਨਹੀਂ।

'ਅਪਰੇਸ਼ਨ ਬਿਲਿਊ-ਸਟਾਰ' ਦੌਰਾਨ ਮਾਰੇ ਗਏ ਫੌਜੀ ਜਵਾਨਾਂ ਨਾਲ ਪੰਜਾਬ ਦੀ ਆਮ ਜਨਤਾ ਨੂੰ ਕੋਈ ਬਹੁਤੀ ਹਮਦਰਦੀ ਨਹੀਂ। ਕੀ ਉਹ ਪੰਜਾਬ ਜਾਂ ਇਥੋਂ ਦੇ ਲੋਕਾਂ ਦੇ ਜਾਨੀ-ਦੁਸ਼ਮਣ ਸਨ ? ਫੌਜੀ-ਸਰਕਲਾਂ 'ਚ ਤਾਂ ਮਰਨ ਵਾਲਿਆਂ ਦੀਆਂ ਬੱਸ ਸੂਚੀਆਂ ਬਣ ਰਹੀਆਂ ਨੇ ਤੇ ਬੱਸ...। ਸਰਕਾਰੀ ਵਜ਼ੀਰਾਂ ਤੇ ਵੱਖ-ਵੱਖ ਪ੍ਰਾਰ-ਟੀਆਂ ਦੇ ਨੇਤਾਵਾਂ ਕੋਲ ਉਹੀ ਪੁਰਾਣੇ ਘਸੇ ਪਿਟੇ ਬਿਆਨਾਂ ਦੀ ਜੁਗਾਲੀ ਹੈ। ਮਜ਼ਬੂਤ ਤੇ ਉੱਨਤ ਭਾਰਤ ਦੀ ਰਾਣੀ ਨੂੰ ਹੱਸ-ਹੱਸ ਕੇ ਮਰਨ ਵਾਲਿਆਂ ਉਤੇ ਇੰਡਹਾ ਮਾਣ ਹੈ...ਸਿਰਫ ਮਾਣ। ਤੇ ਸਾਡੀਆਂ ਫੌਜਾਂ ਦੇ ਸੁਪਰੀਮ ਕਮਾਂਡਰ ਦੀ ਹਿੱਕ ਉਤੇ ਟੰਗਿਆ ਗੁਲਾਬ ਜਿਉਂ ਦਾ ਤਿਉਂ ਟਹਿਕ ਰਿਹਾ ਏ......

ਕੁਝ ਹੱਫਤੇ ਤੇ ਮਹੀਨੇ ਹੋਰ। ਕੌਮੀ ਦਿਵਸ ਆਉਣਗੇ। ਗੁਪਤ ਤੇ ਸੁਰਖਿਅਤ ਜਗ੍ਹਾ ਚਬੂਤਰਿਆਂ 'ਤੇ ਬੈਠ ਕੇ ਕਮਾਂਡ ਕਰਨ ਵਾਲੇ ਜਨਰਲ ਰਣਜੀਤ ਸਿੰਘ ਦਿਆਲ ਨੂੰ ਤਾਂ 'ਪਰਮਵੀਰ ਚੱਕਰ' ਮਿਲ ਜਾਊ (ਉਤਰ-ਪੂਰਬੀ ਇਲਾਕੇ ਵਿਚ ਆਸਾਮ ਸਮਸਿਆ ਦੌਰਾਨ ਆਪਣੀ ਕਮਾਂਡ ਹੇਠ ਫੌਜੀ-ਐਕਸ਼ਨ ਦੀ ਕਾਮਯਾਬੀ ਸਦਕਾ ਉਹਨੂੰ ਮਹਾਂਵੀਰ-ਚੱਕਰ ਮਿਲਿਆ ਸੀ !) ਪਰ ਪੀੜ-ਪਰੁੰਨੇ ਸਰਬੰਧੀਆਂ ਨੂੰ ਉਨ੍ਹਾਂ ਸੈਂਕੜੇ ਫ਼ੌਜੀ-ਜਵਾਨਾਂ ਦੀ ਰਾਖ ਤਕ ਵੀ ਨਸੀਬ ਨਹੀਂ ਹੋਈ, ਜੋ ਬੇਦੋਸ਼ੇ ਮਾਰੇ ਗਏ ??

—ਸੁਰਜੀਤ ਆਲਮ

## 8. ਪੰਜਾਬ ਸੰਕਟ ਵਿਚ ਨਕਸਲਬਾੜੀਆਂ ਦੀ ਭੂਮਿਕਾ

1967 ਦੀ ਨਕਸਲਬਾੜੀ ਦੀ ਕਿਸਾਨੀ ਬਗ਼ਾਵਤ ਹਿੰਦੁਸਤਾਨ ਵਿਚ ਇਕ ਨਿਆਂਸ਼ੀਲ ਸਮਾਜ ਬਨਾਉਣ ਦੀ ਜਦੋਜਹਿਦ ਵਿਚ ਇਕ ਸੁਨੇਹਰੀ ਕਾਂਡ ਹੈ। ਇਸ ਲਹਿਰ ਤੋਂ ਪ੍ਰਭਾਵਤ ਕਮਿਊਨਿਸਟ ਇਨਕਲਾਬੀਆਂ ਨੂੰ 'ਨਕਸਲਬਾੜੀਆਂ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਹ ਵਖ ਵਖ ਗਰੁੱਪਾਂ ਦੇ ਨਾਂ ਥਲੇ ਕੰਮ ਕਰਨੇ ਹਨ। ਇਕ ਮੋਟੇ ਅਨੁਮਾਨ ਅਨੁਸਾਰ ਦੇਸ਼ ਭਰ ਵਿਚ ਇਹਨਾਂ ਦੇ ਸਰਗਰਮ ਕਾਰਕੁੰਨਾਂ ਦੀ ਗਿਣਤੀ ਕੋਈ 60, 000 ਦੇ ਕਰੀਬ ਹੈ। ਇਹਨਾਂ ਦਾ ਅਸਰ ਲਖਾਂ ਲੋਕਾਂ ਵਿਚ ਹੈ।

ਵਿਚ ਹੈ। ਇਹਨਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਹਿੰਦੋਸਤਾਨ ਵਿਚ ਪ੍ਰੋਲੇਤਾਰੀ ਇਨਕਲਾਬ ਨਾਲ ਵਚਣ-ਬੰਧ ਹਨ ਅਤੇ ਦੁਨੀਆਂ ਭਰ ਦੇ ਗਰੀਬ ਪ੍ਰੋਲਤਾਰੀ ਲੋਕਾਂ ਨਾਲ ਇਹਨਾਂ ਦੀ ਸਾਂਝ ਹੈ। ਇਹ ਉੱਚੇ ਇਖਲਾਕ ਦੇ ਲੋਕ ਹਨ। ਭਾਵੇਂ ਇਹਨਾਂ ਦਾ ਰਾਜਸੀ ਅਕੀਦਾ ਹੈ ਕਿ ਸਮਾਜਕ ਇਨਕਲਾਬ ਲਈ ਹਥਿਆਰਾਂ ਦੀ ਵਰਤੋਂ ਜਾਇਜ਼ ਹੈ, ਕਿਉਂਕਿ ਇਹਨਾਂ ਦਾ ਵਿਚਾਰ ਹੈ ਕਿ ਹਾਕਮ ਜਮਾਤਾਂ ਆਪਣੇ ਆਪ ਰਾਜਸੀ ਸੱਤਾ ਨਹੀਂ ਛੱਡਣਗੀਆਂ। ਇਹਨਾਂ ਦੇ ਕੁਝ ਗਰੁਪਾਂ ਨੇ 1969-74 ਦੇ ਸਮੇਂ ਵਿਚ 'ਜਮਾਤੀ ਦੁਸ਼ਮਣ ਦੇ ਸਫਾਏ' ਦੀ ਏਲਾਨੀਆਂ ਨੀਤੀ ਥੱਲੇ ਕਝ ਹਿੰਸਕ ਕਾਰਵਾਈਆਂ ਵੀ ਕੀਤੀਆਂ ਅਤੇ ਪੁਲਸ ਅਮਲੇ ਨਾਲ ਸਿੱਧੀਆਂ ਟੱਕਰਾਂ ਵੀ ਲਈਆਂ ਪਰ ਅਤੰਕਵਾਦ ਕਦੀ ਵੀ ਨਾ ਇਹਨਾਂ ਦਾ ਫਲਸਫਾ ਸੀ ਅਤੇ ਨਾ ਹੀ ਅਮਲ ਸੀ। ਪੰਜਾਬ ਮਸਲੇ ਬਾਰੇ ਥੋੜੀ ਜਿੰਨੀ ਵੀ ਵਾਕਫੀ ਰੱਖਣ ਵਾਲੇ ਲੋਕ ਜਾਣਦੇ ਹਨ ਕਿ ਭਿੰਡਰਾਂ-ਵਾਲਾ ਟੋਲੇ ਦੀਆਂ ਸਰਗਰਮੀਆਂ ਅਤੇ ਵਧੀਕੀਆਂ ਦੇ ਵਿਰੁੱਧ ਇਕ ਲਗਾਤਾਰ ਲੰਮੀ ਲੜਾਈ 'ਚ ਕਮਿਊਨਿਸਟ ਇਨਕਲਾਬੀਆਂ ਦਾ ਇਕ ਬੇਦਾਗ ਰੀਕਾਰਡ ਹੈ। ਸਿਧਾਂਤਕ ਪੱਖ ਤੋਂ ਵੀ ਅਤੇ ਪਰਚਾਰ ਦੇ ਪੱਖ ਤੋਂ ਵੀ ਕਮਿਊਨਿਸਟ ਇਨਕਲਾਬੀਆਂ ਨੇ ਆਪਣੇ ਪਰਚਿਆਂ ਰਾਹੀਂ ਵਿਸ਼ਾਲ ਰੈਲੀਆਂ ਜਥੇਬੰਦ ਕਰਕੇ ਅਤੇ ਆਪਣੇ ਨਾਟਕਾਂ ਰਾਹੀਂ ਫਿਰਕੂ ਜਨੂੰਨੀਆਂ ਵਿਰੁੱਧ ਇਕ ਬੇਖੌਫ ਸੰਘਰਸ਼ ਕੀਤਾ। ਕਮਿਊਨਿਸਟ ਇਨਕਲਾਬੀਆਂ ਵੱਲੋਂ ਕੱਢੇ ਜਾਂਦੇ ਪਰਚੇ ਜੈਕਾਰਾ, ਸੁਰਖ ਰੇਖਾ, ਕਮਿਊਨਿਸਟ ਵਰਕਰ, ਚੰਗਿਆੜੀ, ਹਿਰਾਵਲ ਦਸਤਾ, ਪ੍ਰਚੰਡ ਲਹਿਰ ਦੀਆਂ ਫਾਈਲਾਂ ਇਹਦਾ ਸਬੂਤ ਹਨ। ਸੁਰਖ ਰੇਖਾ ਦੇ ਵਿਸ਼ੇਸ਼ ਪੱਤ੍ਰਕਾਰ ਨੇ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਜਾ ਕੇ ਭਿੰਡਰਾਂਵਾਲਾ ਅਤੇ ਉਹਦੇ ਚੇਲਿਆਂ ਦੀਆਂ ਕਰਤੂਤਾਂ ਬਾਰੇ 'ਅੰਦਰਲੀ ਕਹਾਣੀ' (Inside Story) ਬਾਹਰ ਲਿਆਂਦੀ। ਇਸ ਦੇ ਬਦਲੇ 'ਸੁਰਖ ਰੇਖਾ' ਦਾ ਸੰਪਾਦਕ ਸੰਤ ਭਿੰਡਰਾਂਵਾਲਾ ਦੀ ਹਿੱਟ ਲਿਸਟ ਤੇ ਆਇਆ ਦੇ ਕਾਤਲ ਟੋਲੇ ਕਈ ਵਾਰੀ ਉਹਨੂੰ ਭਾਲਦੇ ਉਹਦੇ ਪਿੰਡ ਵੀ ਗਏ। ਚੰਗਿਆੜੀ ਦਾ ਸੰਪਾਦਕ ਸੁਖਰਾਜ ਖੱਦਰ ਅਤਿਵਾਦੀਆਂ ਦੇ ਹੱਥੋਂ ਕਤਲ ਵੀ ਕੀਤਾ ਗਿਆ। ਇਸ ਕਰਕੇ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ 10 ਜੁਲਾਈ ਜਿਹੜਾ 'ਚਿੱਟਾ ਪਰਚਾ' (White Paper) ਕੱਢਿਆ ਗਿਆ ਉਹਦੇ ਵਿਚ ਨਕਸਲਬਾੜੀਆਂ ਦਾ ਨਾਂ ਸੰਤ ਭਿੰਡਰਾਂਵਾਲਾ ਦੇ ਸਹਿਯੋਗੀਆਂ ਦੇ ਨਾਂ ਨਾਲ ਜੋੜਿਆ ਗਿਆ। ਵਿਸ਼ੇਸ਼ ਕਰਕੇ ਉਹਨਾਂ ਨੂੰ ਸਮਾਜ ਦੁਸ਼ਮਣ ਅਨਸਰਾਂ ਦੇ ਨਾਲ ਨੱਥੀ ਕੀਤਾ ਗਿਆ ਹੈ। ਫਿਕਰਾ ਇਸ ਤਰ੍ਹਾਂ ਲਿਖਿਆ ਹੈ

ਫੌਜੀ ਕਾਰਵਾਈ ਸਿਰਫ ਭਿੰਡਰਾ ਵਾਲੇ ਦੇ ਵਿਰੁਧ ਨਹੀਂ ਸੀ।

ਇੰਦਰਾ ਗਾਂਧੀ ਵਾਰ ਵਾਰ ਏਲਾਨ ਕਰ ਰਹੀ ਹੈ ਕਿ ਫੌਜੀ ਕਾਰਵਾਈ ਸਿੱਖਾਂ ਦੇ ਵਿਰੁਧ ਨਹੀਂ ਸੀ, ਸਗੋਂ ਉਹ ਤਾਂ ਧਾਰਮਕ ਅਸਥਾਨਾਂ ਤੋਂ ਭਿੰਡਰਾਂਵਾਲੇ ਅਤੇ ਹੋਰ ਉਗਰਵਾਦੀਆਂ ਨੂੰ ਬਾਹਰ ਕੱਢਣ ਦੇ ਮੰਤਵ ਲਈ ਸੀ। ਇਹ ਮੰਤਵ ਤਾਂ 6 ਜੂਨ 1984 ਨੂੰ ਪੂਰਾ ਹੋ ਗਿਆ ਸੀ ਅਤੇ ਹੁਣ ਇਕ ਮਹੀਨਾ ਤੇ ਦੱਸ ਦਿਨ ਹੋਰ ਲੰਘ ਗਏ ਹਨ ਪਰ ਪੰਜਾਬ ਦੇ ਪਿੰਡਾਂ ਵਿਚ ਫੌਜ ਦੀਆਂ ਦਹਿਸ਼ਤੀ ਸਰਗਰਮੀਆਂ ਉਸੇ ਤਰ੍ਹਾਂ ਕਾਇਮ ਹਨ। ਇਹਦਾ ਸਾਫ਼ ਮਤਲਬ ਹੈ ਕਿ ਫੌਜੀ ਕਾਰਵਾਈ ਦਾ ਨਿਸ਼ਾਨਾ ਪੰਜਾਬ ਦੇ ਸਮੁੱਚੇ ਲੋਕ ਹਨ। ਪੰਜਾਬ ਦੇ ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਪਿਛਲੇ ਅਰਸੇ ਵਿਚ ਵੱਡੀ ਪੱਧਰ ਤੇ ਜੋ ਕਿਸਾਨੀ ਸੰਘਰਸ਼ ਹੋਏ ਹਨ ਤੇ ਬਹੁਤ ਥਾਵਾਂ ਤੇ ਕਿਸਾਨਾਂ ਵਲੋਂ ਭ੍ਰਿਸ਼ਟਾਚਾਰੀ ਨਜ਼ਾਮ ਨੂੰ ਚੇਲਿੰਜ ਕੀਤਾ ਗਿਆ ਹੈ, ਸਰਕਾਰ ਫੌਜ ਦੀ ਸਹਾਇਤਾ ਨਾਲ ਲੋਕਾਂ ਦੀ ਲੜਾਕੂ ਸ਼ਕਤੀ ਦਾ ਲੱਕ ਤੋੜਣਾ ਚਾਹੁੰਦੀ ਹੈ। ਪੰਜਾਬ ਦੇ ਹਿੰਦੂ ਵੀ ਖਾਸ ਕਰਕੇ ਜਿਹੜੇ ਪਿੰਡਾਂ ਵਿਚ ਰਹਿ ਰਹੇ ਹਨ, ਜਿਨ੍ਹਾਂ ਨੇ ਪਹਿਲੇ ਪਹਿਲ ਇਹ ਖਿਆਲ ਕੀਤਾ ਸੀ ਕਿ ਫੌਜੀ ਉਹਨਾ ਦੀ ਰਖਿੱਆ ਲਈ ਆਈ ਹੈ ਹੌਲੇ ਹੌਲੇ ਇਹ ਅਹਿਸਾਸ ਕਰ ਰਹੇ ਹਨ ਕਿ ਫੌਜ ਦੀ ਹਾਜ਼ਰੀ ਹਿੰਦੂਆਂ ਅਤੇ ਸਿੱਖਾਂ ਦਰਮਿਆਨ ਵਿੱਥ ਨੂੰ ਵੱਧਾ ਰਹੀ ਹੈ ਜਿਹੜੀ ਕਿਸੇ ਵੇਲੇ ਵੀ ਖ਼ਤਰਨਾਕ ਸੂਰਤ ਇਖਤਿਆਰ ਕਰਕੇ ਉਹਨਾਂ ਦੇ ਜਾਨੋਂਮਾਲ ਲਈ ਮਾਰੂ ਸਾਬਤ ਹੋ ਸਕਦੀ ਹੈ। ਸਮੁੱਚੇ ਪੰਜਾਬ ਵਿਚੋਂ ਅਤੇ ਵਿਸ਼ੇਸ਼ ਕਰਕੇ ਹਰਮੰਦਰ ਸਾਹਿਬ ਤੋਂ ਫੌਜ ਦੀ ਵਾਪਸੀ ਹੁਣ ਉਹਨਾਂ ਦੀ ਵੀ ਮੰਗ ਬਣ ਰਹੀ ਹੈ।

ਨਿਊਜ਼ ਐਂਡ ਵੀਕ ਵਿਚ ਇਕ ਟਿਪਣੀ 16-23 ਜੁਲਾਈ

'ਹਾਲਾਤ ਨੂੰ ਉਲਝਾਉਣ ਦੀ ਖਾਤਿਰ ਨਕਸਲਬਾੜੀਏ ਅਤੇ ਹੋਰ ਸਮਾਜ ਦੁਸ਼ਮਣ ਅਨਸਰ ਭਿੰਡਰਾਂਵਾਲੇ ਦੀ ਛੱਤਰ-ਛਾਇਆ ਥੱਲੇ ਇਕੱਠੇ ਹੋ ਗਏ'—ਸਵਾਲ ਪੈਦਾ ਹੁੰਦਾ ਹੈ ਆਖਰ ਸਰਕਾਰ ਦੇ ਇਸ ਚਿੱਟੇ ਪਰਚੇ ਵਿਚ ਸਰਕਾਰ ਦੀਆਂ ਆਪਣੀਆਂ ਨਲਾਇਕੀਆਂ ਦਾ ਤੋੜਾ ਨਕਸਲਬਾੜੀਆਂ ਉਤੇ ਕਿਉਂ ਝਾੜਿਆ ਗਿਆ ਹੈ। ਇਹ ਸਿਰਫ ਇਸ ਲਈ ਕੀਤਾ ਗਿਆ ਕਿਉਂਕਿ ਕਮਿਊ-ਨਿਸਟ ਇਨਕਲਾਬੀਆਂ ਨੇ ਜਿਥੇ ਭਿੰਡਰਾਂਵਾਲੇ ਦੇ ਧਾਰਮਕ ਜਨੂੰਨ ਵਿਰੁੱਧ ਸਰਗਰਮ ਸੰਘਰਸ਼ ਕੀਤਾ, ਉਥੇ ਉਹਨਾਂ ਨੇ ਹਾਕਮ ਜਮਾਤਾਂ ਦੀ ਸਾਜ਼ਿਸ਼ ਨੂੰ ਹਰ ਪੜਾਅ ਤੇ ਨੰਗਾ ਕੀਤਾ ਜੋ ਸਾਧਾਰਨ ਲੋਕਾਂ ਵਿਚ ਫੁੱਟ ਪਾ ਕੇ ਆਪਣੇ ਲੁੱਟ-ਖਸੁੱਟ ਦੇ ਭ੍ਰਿਸ਼ਟਾਚਾਰੀ ਰਾਜ ਦੀ ਉਮਰ

ਲੰਮੀ ਕਰਨਾ ਚਾਹੁੰਦੇ ਹਨ। ਚਿੱਟੇ ਪਰਚੇ ਵਿਚ ਕਿਧਰੇ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਉਹ ਕਿਹੜੀਆਂ ਤਾਕਤਾਂ ਸਨ ਜਿਨ੍ਹਾਂ ਨੇ ਫਿਰਕੂ ਜਨੂੰਨ ਦੀ ਹਨੇਰੀ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਸਾਧਾਰਨ ਲੋਕਾਂ ਨੂੰ ਫਿਰਕੂ ਫਸਾਦਾਂ ਤੋਂ ਖਬਰਦਾਰ ਕਰਕੇ ਉਹਨਾਂ ਦੇ ਹੱਕਾਂ ਦੀ ਰਾਖੀ ਕੀਤੀ। ਇਹਦਾ ਜ਼ਿਕਰ ਨਾ ਕਰਨਾ ਸ਼ਾਇਦ ਇਸ ਲਈ ਹੈ ਕਿ ਇੰਦਰਾ ਗਾਂਧੀ ਦੀ ਅਪਣੀ ਪਾਰਟੀ ਦਾ ਰੀਕਾਰਡ ਇਸ ਪੱਖੋਂ ਬੜਾ ਹੀ ਮਾੜਾ ਹੈ। ਪੰਜਾਬ ਦੇ ਲੋਕਾਂ ਦਾ ਕਹਿਣਾ ਹੈ ਕਿ ਸੰਕਟ ਦੇ ਦੌਰਾਨ ਚਿੱਟੇ ਖੱਦਰਧਾਰੀ ਕਿਧਰੇ ਲੱਭਿਆਂ ਨਹੀਂ ਲੱਭਦੇ ਸਨ, ਪਰ ਫੌਜੀ ਕਾਰਵਾਈ ਦੇ ਬਾਅਦ ਇਹ ਖੁੰਭਾਂ ਵਾਕੁਨ ਉੱਗ ਖਲੋਤੇ ਤੇ ਥਾਣਿਆਂ ਵਿਚ ਅੱਗੇ ਵਾਕੁਨ ਸਿਫਾਰਸ਼ਾਂ ਕਰਦੇ ਦਿੱਸਣ ਲੱਗ ਪਏ। ਕੌਮੀ ਪੱਧਰ ਦੇ ਪਰਚੇ ਤੇ ਪੱਤ੍ਰਕਾਰ ਜਿਹੜੇ ਪੰਜਾਬ ਦੇ ਹਾਲਾਤ ਤੇ ਨਿਰਪੱਖ ਟਿੱਪਣੀ ਦਾ ਦਾਅਵਾ ਕਰਦੇ ਹਨ, ਉਹਨਾਂ ਨੂੰ ਫਿਰਕੂ ਜਨੂੰਨ ਦੇ ਵਿਰੁੱਧ ਕਮਿਊਨਿਸਟ ਇਨਕਲਾਬੀਆਂ ਦੀ ਸ਼ਾਨਦਾਰ ਭੂਮਿਕਾ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ 'ਚਿੱਟੇ ਪਰਚੇ' ਦੇ ਝੂਠ ਦਾ ਖੰਡਨ ਕਰਨਾ ਚਾਹੀਦਾ ਹੈ।

ਟੀ.ਰੈਡੀ (ਦਕਨ ਹੈਰਾਲਡ ਵਿਚ ਇਕ ਟਿੱਪਣੀ- 13.7.84)

## 9. ਦੇਸ਼ ਦੀ ਏਕਤਾ ਦੇ ਪ੍ਰਸੰਗ ਵਿਚ ਪੰਜਾਬ ਦਾ ਸੰਕਟ

ਪੰਜਾਬ ਦੇ ਤਜਰਬੇ ਨੂੰ ਵੇਖਦੇ ਹੋਏ, ਹੁਣ ਇਹ ਮੰਗ ਬਣਦੀ ਜਾ ਰਹੀ ਹੈ ਕਿ ਧਰਮ ਨੂੰ ਸਿਆਸਤ ਨਾਲੋਂ ਵੱਖਰਾ ਕੀਤਾ ਜਾਏ। ਪਰ ਸਵਾਲ ਪੈਦਾ ਹੁੰਦਾ ਹੈ ਵਾਸਤਵ ਵਿਚ ਕੀ ਇਹ ਮੁਮਕਿਨ ਹੈ? ਹਿੰਦੁਸਤਾਨ ਦੀ ਸਾਰੀ ਸਿਆਸਤ ਅਤੇ ਖਾਸ ਕਰਕੇ ਚੋਣਾਂ ਦੀ ਸਿਆਸਤ ਧਰਮ, ਜ਼ਾਤ ਤੇ ਬਰਾਦਰੀ ਤੇ ਅੰਧਾਰਤ ਹੈ। ਇਥੋਂ ਤਕ ਕਿ ਖੱਬੇ ਧਿਰ ਦੀਆਂ ਪਾਰਟੀਆਂ ਵੀ ਜੇਕਰ ਚੋਣ ਮੈਦਾਨ ਵਿਚ ਆਂਦੀਆਂ ਹਨ ਤਾਂ ਵੋਟਾਂ ਦੀ ਗਿਣਤੀਆਂ ਮਿਣਤੀਆਂ ਵਿਚ ਉਹਨਾਂ ਨੂੰ ਧਰਮ, ਜ਼ਾਤ, ਬਰਾਦਰੀ ਦਾ ਖਿਆਲ ਰਖਣਾ ਪੈਂਦਾ ਹੈ। ਧਰਮ ਸਾਡੀ ਜ਼ਿੰਦਗੀ ਵਿਚੋਂ ਕਢਿਆ ਨਹੀਂ ਜਾ ਸਕਦਾ। ਕ੍ਰਿਸ਼ਨ ਭਗਵਾਨ, ਭਗਵਾਨ ਸ੍ਰੀ ਰਾਮ ਚੰਦਰ ਅਤੇ ਇਸੇ ਤਰਾਂ ਦੇਵੀ ਦੇਵਤੇ ਹਿੰਦੁਸਤਾਨ ਦੇ ਸਭਿਆਚਾਰ ਦਾ ਹਿੱਸਾ ਹਨ। ਸਾਹਿਤ ਵਿਚ ਇਹਨਾਂ ਦਾ ਜ਼ਿਕਰ ਹੈ। ਰੋਜ਼ਾਨਾ ਬੋਲਚਾਲ ਵਿਚ ਇਹਨਾਂ ਦਾ ਮੁਹਾਵਰਾ ਹੈ, ਕੀ ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਗੁਰੂ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਦਾ ਨਾਂ ਕੱਢਿਆ ਜਾ ਸਕਦਾ ਹੈ? ਇਹਦਾ ਜਵਾਬ ਹੈ, ਨਹੀਂ ਕਢਿਆ ਜਾ ਸਕਦਾ ਹੈ। ਜੇਕਰ ਧਰਮ ਸਾਡੀ ਜ਼ਿੰਦਗੀ ਵਿਚੋਂ ਨਹੀਂ ਕਢਿਆ ਜਾ ਸਕਦਾ ਤਾਂ ਫੇਰ ਇਹ ਸਿਆਸਤ ਵਿਚੋਂ ਵੀ ਨਹੀਂ ਕਢਿਆ ਜਾ ਸਕਦਾ। ਇਸ ਲਈ ਇਹ ਮੰਗ ਕਿ ਧਰਮ ਅਤੇ ਸਿਆਸਤ ਨੂੰ ਵੱਖ ਵੱਖ ਕੀਤਾ ਜਾਏ, ਅਜ ਦੇ ਹਿੰਦੁਸਤਾਨ ਦੇ ਪ੍ਰਸੰਗ ਵਿਚ ਇਹ ਅਯਥਾਰਥਕ ਮੰਗ ਹੈ ਅਤੇ ਇਹ ਕਦੀ ਵੀ ਪੂਰੀ ਨਹੀਂ ਹੋ ਸਕਦੀ। ਜਿਹੜੀ ਗੱਲ ਮੁਮਕਿਨ ਹੋ ਸਕਦੀ ਹੈ ਉਹ ਇਹ ਹੈ ਕਿ ਅਸੀਂ ਧਾਰਮਕ ਬਰਦਾਸ਼ਤ ਦੀ ਰੁਚੀ (Religious Tolerance) ਨੂੰ ਰਾਜਸੀ ਅਮਲ ਦਾ ਅਧਾਰ ਬਣਾਈਏ ਅਤੇ ਧਾਰਮਕਤਾ ਨੂੰ ਫਿਰਕਾਪ੍ਰਸਤੀ ਜਾਂ ਮਜ਼ਹਬੀ ਜਨੂੰਨ ਵਿਚ ਨਾਂ ਬਦਲਣ ਦੇਈਏ।

ਹਿੰਦੁਸਤਾਨ ਵੱਖ ਵੱਖ ਕੌਮੀਅਤਾਂ ਦਾ ਇਕ ਦੇਸ਼ ਹੈ। ਪੰਜਾਬ ਦੇ ਪ੍ਰਸੰਗ ਵਿਚ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਸਿੱਖ ਇਕ ਵਖਰੀ ਪਹਿਚਾਣ ਵਾਲੀ ਕੌਮੀਅਤ ਜਾਂ ਇਕਾਈ ਹਨ। ਸਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੇਕਰ ਸਿੱਖ ਇਸ ਵਖਰੀ ਪਹਿਚਾਣ ਦੀ ਗੱਲ ਕਰਦੇ ਹਨ ਤਾਂ ਉਹ ਕੋਈ ਦੇਸ਼ ਵਿਰੋਧੀ ਜਾਂ ਦੇਸ਼ ਧਰੋਹੀ ਨਹੀਂ। ਜੇ ਉਹ ਵੱਖਰੀ ਪਹਿਚਾਣ ਰਖਣਾ ਚਾਹੁੰਦੇ ਹਨ ਅਤੇ ਇਹ ਨਹੀਂ ਮੰਨਦੇ ਕਿ ਉਹ ਹਿੰਦੂ ਧਾਰਮਕ ਭਾਈਚਾਰੇ ਦਾ ਇਕ ਹਿੱਸਾ ਹਨ, ਤਾਂ ਇਸ ਵਿਚ ਹਿੰਦੂਆਂ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਉਹ ਕਿਉਂ ਵਾਰ ਵਾਰ ਇਸ ਗਲ ਤੇ ਜ਼ੋਰ ਦੇਂਦੇ ਹਨ ਕਿ ਸਿਖ ਹਿੰਦੂਆਂ ਦਾ ਹੀ ਇਕ ਭਾਗ ਹਨ। ਪਰ ਵੱਖਰੀ ਸਿਖ ਪਛਾਣ ਦਾ ਇਹ ਵੀ ਮਤਲਬ ਨਹੀਂ ਕਿ ਸਿਆਸਤ ਵਿਚ ਉਹਨਾਂ ਦੀ ਧਰਮ ਦੇ ਨਾਂ ਇਕ ਵਖਰੀ ਪਾਰਟੀ ਹੋਣੀ ਜ਼ਰੂਰੀ ਹੈ ਕਿਉਂਕਿ ਧਰਮ ਸਿਆਸਤ ਦਾ ਇਕੋ ਇਕ ਆਧਾਰ ਨਹੀਂ ਹੋ ਸਕਦਾ। ਸਿਆਸਤ ਵਿਚ ਧਰਮ ਇਕ ਫਲਸਫੇ ਦੇ ਤੌਰ ਤੇ ਆਪਣੀ ਹਾਂ ਪੱਖੀ ਭੂਮਿਕਾ ਨਿਭਾ ਸਕਦਾ ਹੈ। ਧਰਮ ਤੇ ਸਿਆਸਤ ਇਕਠੇ ਚਲ ਸਕਦੇ ਹਨ, ਪਰ ਸਿਆਸਤ ਦਾ ਆਧਾਰ ਇਕ ਦੂਜੇ ਦੇ ਧਰਮ ਨਾਲ ਨਫਰਤ ਨਹੀਂ, ਸਗੋਂ ਸਤਿਕਾਰ ਹੋਣਾ ਚਾਹੀਦਾ ਹੈ। ਧਰਮ ਨਿਰਪੱਖਤਾ ਦੀ ਇਹੀ ਧਾਰਨਾ ਭਾਰਤੀ ਵਿਧਾਨ ਦੀ ਬੁਨਿਆਦ ਹੈ ਅਤੇ ਵਿਧਾਨ ਬਨਾਉਣ ਵਾਲਿਆਂ ਦਾ ਏਲਾਨੀਆਂ ਮੰਤਵ ਵੀ ਇਹੋ ਸੀ। ਪਰ ਅਮਲ ਵਿਚ ਇਹ ਹੋਇਆ ਨਹੀਂ। ਇਕ ਪਾਸੇ ਹਰ ਇਕ ਘੱਟ ਗਿਣਤੀ ਦੀ ਕੌਮੀਅਤ ਦੀ ਆਪਣੀ ਵੱਖਰੀ ਪਛਾਣ ਦੀ ਇੱਛਾ ਨੂੰ ਦੇਸ਼ ਦੀ ਏਕਤਾ ਲਈ ਖਤਰਾ ਸਮਝਿਆ ਗਿਆ ਅਤੇ ਦੂਜੇ ਪਾਸੇ ਪ੍ਰਤੀਕਰਮ ਦੇ ਤੌਰ ਤੇ ਇਹ ਡਰ ਕਿ ਬਹੁਗਿਣਤੀ ਛੋਟੀ ਕੌਮੀਅਤ ਦੇ ਸਭਿਆਚਾਰ ਨੂੰ ਹੜਪ ਕਰ ਲੈਣਾ ਚਾਹੁੰਦੀ ਹੈ, ਇਹ ਵਖ ਪਹਿਚਾਣ ਵਾਲੀ ਇੱਛਾ ਹੋਰ ਪ੍ਰਬਲ ਹੋ ਗਈ ਤੇ ਕਈ ਵਾਰ ਦੇਸ਼ ਤੋਂ ਵੱਖ ਹੋਣ ਤਕ ਦੀ ਹੱਦ ਤਕ ਚਲੀ ਗਈ। ਨਾਗਾਲੈਂਡ ਵਿਚ ਹੋਇਆ, ਮੀਜ਼ੋਰਮ ਵਿਚ ਇਹ ਹੋਇਆ ਅਤੇ

ਹੁਣ ਪੰਜਾਬ ਵਿਚ ਵੀ ਇਹੀ ਹੋਇਆ। ਪੰਜਾਬ ਦਾ ਸੰਕਟ ਇਸ ਬੇਵਿਸ਼ਵਾਸੀ ਦੀ ਹੀ ਦੇਣ ਹੈ।

ਆਜ਼ਾਦੀ ਦੀ ਲੜਾਈ ਵਲੋਂ ਦੇਸ਼ ਭਗਤੀ ਦੀ ਇਕੋ ਪ੍ਰੀਭਾਸ਼ਾ ਸੀ ਕਿ ਦੇਸ਼ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਵਾਉਣਾ ਹੈ, ਪਰ ਆਜ਼ਾਦੀ ਦੇ ਬਾਅਦ ਗਲ ਏਨੀ ਸਾਦਾ ਨਹੀਂ ਰਹੀ। ਬਹੁਗਿਣਤੀ ਲਈ 'ਭਾਰਤ ਮਾਤਾ ਦੀ ਜੈ' ਹੀ ਦੇਸ਼ ਭਗਤੀ ਦਾ ਸਾਰਿਆਂ ਨਾਲੋਂ ਵੱਡਾ ਚਿੰਨ ਹੈ। ਕਿਉਂਕਿ ਇਸ ਜੈ ਵਿਚ ਹੀ ਉਹਨਾਂ ਦੇ ਧਰਮ, ਉਹਨਾਂ ਦੀ ਸੰਸਕ੍ਰਿਤੀ ਦੀ ਜੈ ਹੈ, ਪਰ ਦੂਜਿਆਂ ਲਈ ਇਸ ਜੈ ਵਿਚ ਸਭ ਕੁਝ ਨਹੀਂ ਸਮੋਂਦਾ, ਹੋਰ ਵੀ ਬਹੁਤ ਸਾਰੇ ਅੰਸ਼ ਆਂਦੇ ਹਨ, ਜਿਨ੍ਹਾਂ ਵਿਚ ਉਹਨਾਂ ਦੀ ਧਰਮ, ਜ਼ਬਾਨ ਅਤੇ ਸੰਸਕ੍ਰਿਤੀ ਦੇ ਬਚਾਅ ਅਤੇ ਉੱਨਤੀ ਦੇ ਸਵਾਲ ਸ਼ਾਮਿਲ ਹਨ। ਉਹ ਜਦੋਂ ਇਹਨਾਂ ਕਦਰਾਂ ਕੀਮਤਾਂ ਲਈ ਸੰਘਰਸ਼ ਕਰਦੇ ਹਨ, ਤਾਂ ਬਹੁ ਗਿਣਤੀ ਇਸ ਨੂੰ ਦੇਸ਼ ਵਿਰੋਧੀ ਅਮਲ ਗਰਦਾਨਦੀ ਹੈ। ਨਾਅਰਾ ਦਿੱਤਾ ਜਾਂਦਾ ਹੈ ਕਿ ਅਨੇਕਤਾ ਵਿਚ ਹੀ ਏਕਤਾ ਹੈ ਪਰ ਅਮਲ ਵਿਚ ਅਨੇਕਤਾ ਨੂੰ ਏਕਤਾ ਲਈ ਖਤਰਾ ਮੰਨਿਆ ਗਿਆ ਹੈ। ਪੰਜਾਬ ਦੇ ਹਿੰਦੂ ਇਹ ਅਹਿਸਾਸ ਹੀ ਨਹੀਂ ਕਰ ਸਕੇ ਕਿ ਸਮੁੱਚੇ ਭਾਰਤ ਵਿਚ ਪੰਜਾਬ ਦੀ ਵੀ ਕੋਈ ਮੰਗ ਹੋ ਸਕਦੀ ਹੈ। ਇਸ ਲਈ ਪੰਜਾਬ ਦੇ ਹਿਤਾਂ ਲਈ ਲੜਣ ਲਈ ਅਜਾਰੇਦਾਰੀ ਸਿਖਾਂ ਦੀ ਹੋ ਗਈ। ਇਸ ਨਾਲ ਪਹਿਲੇ ਇਕ ਵਖਵਾਦੀ ਰੁਚੀ ਪੈਦਾ ਹੋਈ ਜੋ ਹੌਲੀ ਹੌਲੀ ਧਾਰਮਕ ਜਨੂੰਨ ਅਤੇ ਆਤੰਕਵਾਦ ਦੀ ਸ਼ਕਲ ਅਖਤਿਆਰ ਕਰ ਗਈ।

ਪੰਜਾਬ ਦੇ ਸੰਕਟ ਨੇ ਸਾਨੂੰ ਕਈ ਸਬਕ ਦਿਤੇ ਹਨ ਤੇ ਇਹਨਾਂ ਵਿਚੋਂ ਇਕ ਸਬਕ ਇਹ ਹੈ ਕਿ ਅਨੇਕਤਾ ਦੇ ਅੰਸ਼ ਨੂੰ ਪ੍ਰਪੇਖ ਵਿਚ ਰਖਦਿਆਂ ਹੀ ਏਕਤਾ ਕਾਇਮ ਰਹਿ ਸਕਦੀ ਹੈ।

**ਨਿਰਮਲ ਮੁਕਰਜੀ**

(ਇੰਡੀਅਨ ਐਕਸਪ੍ਰੈਸ ਵਿਚ ਛਪੇ ਇਕ ਲੇਖ ਦਾ ਸਾਰੰਸ਼ ਜੁਲਾਈ 12-13)

## 10. ਧਾਰਮਕ-ਸਥਾਨਾਂ ਦੀ ਬੇਅਦਬੀ— ਜ਼ੁੰਮੇਵਾਰ ਕੌਣ?

ਪੰਜਾਬ ਵਿਚ ਖਾਲਸਤਾਨੀ ਦਹਿਸ਼ਤ ਪਸੰਦਾਂ ਉਤੇ ਭਰਵੀਂ ਸੱਟ ਮਾਰਨ ਵਾਸਤੇ ਭਾਰੀ ਫੌਜ ਉਹਨਾਂ ਕੁਝ ਵੱਡੇ ਗੁਰਦੁਆਰਿਆਂ ਵਿਚ ਦਾਖਲ ਹੋਈ ਹੈ ਜਿਹੜੇ ਇਹਨਾਂ ਦਹਿਸ਼ਤ ਪਸੰਦਾਂ ਵਲੋਂ ਪਨਾਹ ਲੈਣ ਵਾਸਤੇ ਮੁੱਖ ਟਿਕਾਣਿਆਂ ਵਜੋਂ ਵਰਤੇ ਜਾ ਰਹੇ ਸਨ। ਇਹਨਾਂ ਗੁਰਦੁਆਰਿਆਂ ਅੰਦਰ, ਭਾਰਤੀ ਫੌਜ ਅਤੇ ਦਹਿਸ਼ਤਪਸੰਦਾਂ ਵਿਚ ਹੋਈਆਂ ਖੂੰਨੀ ਟੱਕਰਾਂ ਵਿਚ ਸੈਂਕੜੇ ਮਨੁੱਖੀ ਜਾਨਾਂ ਗਈਆਂ ਹਨ ਅਤੇ ਕੁਝ ਥਾਂਈਂ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ। ਸਿੱਖਾਂ ਵਿਚ ਵਿਆਪਕ ਤੇ ਤਿੱਖਾ ਰੋਸ ਉੱਠਣਾ ਕੁਦਰਤੀ ਹੈ।

ਜੇ ਸਿੱਖ ਸ਼ਰਧਾਲੂ ਚਾਹੁੰਦੇ ਹਨ ਕਿ ਗੁਰਦੁਆਰਿਆਂ ਦੀ ਇਸ ਤਰ੍ਹਾਂ ਧਾਰਮਕ ਮਰਿਆਦਾ ਭੰਗ ਹੋਣ ਲਈ ਜੋ ਵੀ ਜ਼ੁੰਮੇਵਾਰ ਹਨ ਉਹਨਾਂ ਨੂੰ ਇਸਦਾ ਖਮਿਆਜ਼ਾ ਭੁਗਤਣਾ ਚਾਹੀਦਾ ਹੈ, ਜੇ ਸਿੱਖ ਸ਼ਰਧਾਲੂ ਚਾਹੁੰਦੇ ਹਨ ਕਿ ਉਹਨਾਂ ਦੇ ਧਾਰਮਕ ਜਜ਼ਬਾਤਾਂ ਨੂੰ ਠੇਸ ਲਾਉਣ ਵਾਲੀਆਂ ਅਜਿਹੀਆਂ ਚੰਦਰੀਆਂ ਘਟਨਾਵਾਂ ਮੁੜ ਕਦੇ ਨਾ ਵਾਪਰਨ ਤਾਂ ਉਹਨਾਂ ਨੂੰ ਆਪਣੇ ਜੋਸ਼ ਅਤੇ ਜਜ਼ਬਾਤੀ ਉਬਾਲ ਉਤੇ ਕਾਬੂ ਪਾ ਕੇ ਠੰਡੇ-ਮਤੇ ਇਹ ਸੋਚਣਾ ਪੈਣਾ ਹੈ ਕਿ ਧਾਰਮਕ ਅਸਥਾਨਾਂ ਦਾ ਅਜਿਹਾ ਹਸ਼ਰ, ਚਾਹੇ ਉਹ ਕਿਸੇ ਧਰਮ ਦੇ ਹੋਣ, ਦੀ ਜ਼ੁੰਮੇਵਾਰੀ ਕਿਸ ਉਤੇ ਆਉਂਦੀ ਹੈ? ਇਸ ਦੇ ਲਈ ਸਹਾਈ ਹਾਲਤਾਂ ਕਿਵੇਂ ਪੈਦਾ ਹੁੰਦੀਆਂ ਹਨ?

### ਬੇਅਦਬੀ ਦੀ ਇਹ ਪਹਿਲੀ ਘਟਨਾ ਨਹੀਂ

ਗੁਰਦੁਆਰਿਆਂ ਵਿਚ ਹਥਿਆਰਬੰਦ ਫੌਜਾਂ ਦੇ ਦਾਖਲ ਹੋਣ ਅਤੇ ਇਹਨਾਂ ਦੇ ਖੂੰਨੀ ਟੱਕਰਾਂ ਦੇ ਅਖਾੜੇ ਬਣਨ ਦੀਆਂ ਮੌਜੂਦ ਘਟਨਾਵਾਂ ਕੋਈ ਪਹਿਲੀਆਂ ਘਟਨਾਵਾਂ ਨਹੀਂ ਹਨ। ਸਾਡਾ ਇਤਿਹਾਸ ਅਜਿਹੀਆਂ ਅਣਗਿਣਤ ਉਦਾਹਰਣਾਂ ਨਾਲ ਭਰਿਆ ਪਿਆ ਹੈ ਜਦੋਂ ਹਰ ਧਰਮ ਦੇ ਜਾਂ ਧਰਮ-ਨਿਰਪੱਖ ਕਹਾਉਣ ਵਾਲੇ ਜਾਬਰ ਤੇ ਲੋਟੂ ਹੁਕਮਰਾਨਾਂ ਨੇ ਆਪਣੀ ਹਕੂਮਤ ਦੀ ਲੁਲ਼ਾਮੁਤੀ ਵਾਸਤੇ ਲੋਕਾਂ ਦੇ ਧਾਰਮਕ ਜਜ਼ਬਾਤਾਂ ਨੂੰ ਕੁਚਲਿਆ ਅਤੇ ਉਹਨਾਂ ਦੇ ਧਾਰਮਕ ਅਸਥਾਨਾਂ ਨੂੰ ਲੁਟਿਆ-ਢਾਹਿਆ ਹੈ। ਮਹਿਮੂਦ ਗ਼ਜ਼ਨਵੀ ਅਤੇ ਔਰੰਗਜ਼ੇਬ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਸਿਖਾਂ ਲਈ ਇਹ ਵੀ ਜਾਣਨਾ ਜ਼ਰੂਰੀ ਹੈ ਕਿ ਪੰਜਾਬ ਵਿਚ ਥੋੜੇ ਅਰਸੇ ਲਈ ਕਾਇਮ ਹੋਈ ਅਕਾਲੀ ਜਨਤਾ ਹਕੂਮਤ ਨੇ ਵੀ ਧਾਰਮਕ ਅਸਥਾਨਾਂ ਦੀ ਬੇਅਦਬੀ ਕਰਨ ਵਿਚ ਆਪਣਾ ਹਿੱਸਾ ਪਾਇਆ ਹੈ। 1978 ਵਿਚ ਅੰਮ੍ਰਿਤਸਰ ਵਿਚ ਹੋਈ ਨਿਰੰਕਾਰੀ ਖੂੰਨੀ ਟੱਕਰ ਪਿਛੋਂ ਪੰਜਾਬ ਦੀ ਅਕਾਲੀ-ਜਨਤਾ ਸਰਕਾਰ ਨੇ ਸਿਖ-ਜਨੂੰਨੀਆਂ ਦੀ ਹਮਾਇਤ ਕਰਦਿਆਂ ਨਿਰੰਕਾਰੀਆਂ ਦੇ ਧਾਰਮਕ ਅਸਥਾਨਾਂ ਦੀ ਵੱਡੀ ਪੱਧਰ ਤੇ ਦੁਰਗਤ ਕੀਤੀ। ਪੰਜਾਬ ਭਰ ਵਿਚ ਪੁਲਸ ਨੇ ਨਿਰੰਕਾਰੀ ਭਵਨਾਂ ਉਤੇ ਜ਼ਬਰਦਸਤੀ ਕਬਜ਼ਾ ਕਰ ਲਿਆ। ਕਈ ਥਾਈਂ ਨਿਰੰਕਾਰੀ ਭਵਨਾਂ ਨੂੰ ਜੰਦਰੇ ਮਾਰ ਦਿਤੇ ਗਏ। ਕਈ ਥਾਂਈਂ ਪੁਲਸ ਅੰਦਰ ਛਾਉਣੀਆਂ ਪਾ ਕੇ ਬੈਠ ਗਈ।

### ਕਾਂਗਰਸੀ ਹਾਕਮ ਦੋਸ਼ੀਆਂ ਦੇ ਕਟਹਿਰੇ ਵਿਚ

ਹਰਮੰਦਰ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਦੀ ਦੁਰਗਤ ਕਰਨ ਵਾਲੀਆਂ ਹੁਣ ਦੀਆਂ ਘਟਨਾਵਾਂ ਵਿਚ ਕਾਂਗਰਸੀ ਹਾਕਮ ਪੂਰੀ ਤਰ੍ਹਾਂ ਭਾਗੀਦਾਰ ਹਨ। ਜੇ ਕਾਂਗਰਸ ਸਰਕਾਰ ਨੇ ਆਪਣੀਆਂ ਸਿਆਸੀ ਲੋੜਾਂ ਕਾਰਨ ਸ਼ੁਰੂ ਤੋਂ ਲੈਕ ਖਾਲਿਸਤਾਨੀ ਦਹਿਸ਼ਤ ਪਸੰਦਾਂ

ਦੀਆਂ ਵਾਗਾਂ ਖੁਲ੍ਹੀਆਂ ਨਾ ਛੱਡ ਰੱਖੀਆਂ ਹੁੰਦੀਆਂ; ਜੇ ਜੇ ਉਹਨਾਂ ਵਲੋਂ ਫੈਲਾਈ ਜਾ ਰਹੀ ਫਿਰਕੂ ਜ਼ਹਿਰ ਵਿਰੁੱਧ ਤੇ ਕੀਤੀਆਂ ਜਾ ਰਹੀਆਂ ਕਤਲਾਂ ਤੇ ਡਾਕਿਆਂ ਦੀਆਂ ਵਾਰਦਾਤਾਂ ਵਿਰੁੱਧ ਸ਼ੁਰੂ ਤੋਂ ਹੀ ਸਖਤੀ ਨਾਲ ਪੇਸ਼ ਆਇਆ ਜਾਂਦਾ ਤਾਂ ਮੁੱਠੀ ਭਰ ਖਾਲਸਤਾਨੀ ਦਹਿਸ਼ਤ ਪਸੰਦ ਵਧ ਫੁੱਲ ਕੇ ਇਕ ਤਕੜੀ ਫ਼ਾਸ਼ੀ ਤਾਕਤ ਨਹੀਂ ਸਨ ਬਣ ਸਕਦੇ ਅਤੇ ਉਹਨਾਂ ਨੂੰ ਕਾਬੂ ਕਰਨ ਲਈ ਇਸ ਤਰਾਂ ਦੀ ਫੌਜੀ ਕਾਰਵਾਈ ਦੀ ਲੋੜ ਹੀ ਨਹੀਂ ਸੀ ਪੈਣੀ ਜੋ ਹੁਣ ਕਰਨੀ ਪਈ ਹੈ। ਜੇ ਸਿੱਖ ਸ਼ਰਧਾਲੂਆਂ ਸਾਹਮਣੇ ਇਹ ਗੱਲ ਸਪਸ਼ਟ ਕਰ ਦਿਤੀ ਜਾਂਦੀ ਕਿ ਜੇ ਉਹ ਖਾਲ-ਸਤਾਨੀ ਦਹਿਸ਼ਤਪਸੰਦਾਂ ਨੂੰ ਗੁਰਦੁਆਰਿਆਂ ਵਿਚ ਪਨਾਹ ਲੈਣ ਤੇ ਹਥਿਆਰ ਜਮ੍ਹਾਂ ਕਰਨ ਤੋਂ ਨਾ ਵਰਜ ਸਕੇ ਤਾਂ ਪੰਜਾਬ ਵਿਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਰੋਕਣ ਲਈ, ਨਿਰਦੋਸ਼ ਲੋਕਾਂ ਦੇ ਕਤਲੇਆਮ ਨੂੰ ਬੰਦ ਕਰਨ ਲਈ ਅਤੇ ਦਹਿਸ਼ਤੀ ਮਾਹੌਲ ਨੂੰ ਖ਼ਤਮ ਕਰਨ ਲਈ, ਕਦੇ ਵੀ ਪੁਲਸ ਨੂੰ ਗੁਰਦੁਆਰਿਆਂ ਵਿਚ ਦਾਖਲ ਹੋ ਕੇ ਇਸ ਸਭ ਕਾਸੇ ਲਈ ਜੁੰਮੇਵਾਰ ਖਾਲਸਤਾਨੀ ਦਹਿਸ਼ਤ ਪਸੰਦਾਂ ਵਿਰੁੱਧ ਕਾਰਵਾਈ ਕਰਨੀ ਪੈ ਸਕਦੀ ਹੈ। ਜੇ ਕਾਂਗਰਸੀ ਹਾਕਮਾਂ ਨੇ ਅਜਿਹੇ ਸਾਰੇ ਸੋਮੇਂ ਸਿਰ ਚੁਕੇ ਹੁੰਦੇ ਤਾਂ ਕਦਮ ਖਾਲ-ਸਤਾਨੀ ਦਹਿਸ਼ਤਪਸੰਦ ਐਨੀ ਮੌਜ ਨਾਲ ਗੁਰਦੁਆਰਿਆਂ ਨੂੰ ਆਪਣੇ ਮੁੱਖ ਟਿਕਾਣਿਆਂ ਦੇ ਤੌਰ 'ਤੇ ਨਹੀਂ ਸਨ ਵਰਤ ਸਕਦੇ ਅਤੇ ਇਹਨਾਂ ਵਿਚ ਹਥਿਆਰਾਂ ਦੇ ਢੇਰ ਜਮ੍ਹਾਂ ਕਰਕੇ ਕਿਲ੍ਹੇਬੰਦੀਆਂ ਨਹੀਂ ਸਨ ਕਰ ਸਕਦੇ। ਜੇ ਕਿਸੇ ਹਾਲਤ ਵਿਚ ਪੁਲਸ ਨੂੰ ਗੁਰਦੁਆਰਿਆਂ ਵਿਚ ਦਾਖ਼ਲ ਹੋਣਾ ਪੈ ਜਾਂਦਾ ਤਾਂ ਇਹ ਕਾਰਵਾਈ ਸਿੱਖ ਸ਼ਰਧਾਲੂਆਂ ਵਾਸਤੇ ਚਾਣਚੱਕ ਹੋਣ ਵਾਲੀ ਕੋਈ ਅਣਹੋਣੀ ਨਹੀਂ ਸੀ ਲੱਗਣੀ; ਅਤੇ ਇਸ ਹਾਲਤ ਵਿਚ ਗੁਰਦੁਆਰਿਆਂ ਦੇ ਹੋਣ ਵਾਲੇ ਬੁਰੇ ਹਸ਼ਰ ਦੇ ਜੁੰਮੇਵਾਰ, ਸਿਖ ਸ਼ਰਧਾਲੂਆਂ ਦੀਆਂ ਨਜ਼ਰਾਂ ਵਿਚ, ਖਾਲਸਤਾਨੀ ਦਹਿਸ਼ਤਪਸੰਦ ਹੀ ਬਣਨੇ ਸਨ।

ਪਰ ਇਸ ਤੋਂ ਉਲਟ ਕਾਂਗਰਸੀ ਹਾਕਮ ਸਿੱਖ ਸ਼ਰਧਾਲੂਆਂ ਨੂੰ ਲਗਾਤਾਰ ਇਹ ਝੂਠਾ ਭਰੋਸਾ ਦਿਵਾਉਂਦੇ ਰਹੇ ਕਿ ਉਹ ਹਰਮੰਦਰ ਸਾਹਿਬ ਦੇ ਅਹਾਤੇ ਵਿਚ ਪੁਲਸ ਨੂੰ ਦਾਖਲ ਨਹੀਂ ਹੋਣ ਦੇਣਗੇ। ਅਜੇ ਕੁਝ ਚਿਰ ਪਹਿਲਾਂ ਦੀ ਗੱਲ ਹੈ ਜਦੋਂ ਇਕ ਪਾਸੇ ਸੰਤ ਭਿੰਡਰਾਂਵਾਲੇ ਅਤੇ ਉਸਦੇ ਪੈਰੋਕਾਰਾਂ ਵਲੋਂ ਹਰਮੰਦਰ ਸਾਹਿਬ ਵਿਚ ਭਾਰੀ ਅਸਲਾ ਬਰੂਦ ਜਮ੍ਹਾਂ ਕਰਕੇ ਇਸਨੂੰ ਇਕ ਜੰਗੀ ਕਿਲੇ ਵਿਚ ਬਦਲਿਆ ਜਾ ਚੁੱਕਿਆ ਸੀ ਅਤੇ ਦੂਜੇ ਪਾਸੇ ਪ੍ਰਧਾਨ ਮੰਤਰੀ ਦਾ ਸਾਹਿਬਜ਼ਾਦਾ, ਸ੍ਰੀ ਰਾਜੀਵ ਗਾਂਧੀ, ਚੰਡੀਗੜ੍ਹ ਵਿਚ ਆ ਕੇ ਫੁਰਮਾ ਰਿਹਾ ਸੀ ਕਿ ਸੰਤ ਭਿੰਡਰਾਂਵਾਲਾ ਇਕ ਧਾਰਮਿਕ ਵਿਅਕਤੀ ਹੈ ਜਿਸਦੇ ਕੋਈ ਸਿਆਸੀ ਮਨੋਰਥ ਨਹੀਂ ਹਨ। ਕਾਂਗਰਸੀ ਹਾਕਮਾਂ ਦੀਆਂ ਅਜਿਹੀਆਂ ਗੁਮਰਾਹਕਰੂ ਤੇ ਧੋਖੇਬਾਜ਼ ਬਿਆਨਾਂ ਤੇ ਨੀਤੀਆਂ ਨਾਲ ਖਾਲਸਤਾਨੀ ਦਹਿਸ਼ਤਪਸੰਦਾਂ ਦਾ, ਗੁਰਦੁਆਰਿਆਂ ਵਿਚ ਵਡੀ ਪੱਧਰ ਉਤੇ ਅਸਲਾ-ਬਰੂਦ ਜਮ੍ਹਾਂ ਕਰਕੇ ਮਜ਼ਬੂਤ ਮੋਰਚਾਬੰਦੀ ਕਰਨ ਲਈ ਹੌਂਸਲਾ ਵਧਿਆ ਹੈ ਅਤੇ ਸਿੱਖ ਸ਼ਰਧਾਲੂਆਂ ਵਿਚ ਇਹ ਗਲਤ ਪ੍ਰਭਾਵ ਹੋਰ ਪਕਾ ਹੋਇਆ ਹੈ ਕਿ ਭਾਵੇਂ ਗੁਰਦੁਆਰਿਆਂ ਵਿਚ ਕੁਝ ਵੀ ਹੋਈ ਜਾਵੇ ਪੁਲਸ ਜਾਂ ਫੌਜ ਨੂੰ ਗੁਰਦੁਆਰਿਆਂ ਅੰਦਰ ਦਾਖ਼ਲ ਨਹੀਂ ਹੋਣਾ ਚਾਹੀਦਾ। ਹੁਣ ਜੇ ਹਾਲਤ 'ਇਥੋਂ' ਤਕ ਵਿਗੜ ਚੁੱਕੀ ਸੀ ਕਿ ਖਾਲਸਤਾਨੀ ਦਹਿਸ਼ਤਪਸੰਦਾਂ ਉਤੇ ਭਰਵੀਂ ਸੱਟ ਮਾਰਨ ਵਾਸਤੇ ਫੌਜ ਵਲੋਂ ਕੀਤੀ ਗਈ ਕਰੜੀ ਕਾਰਵਾਈ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ ਅਤੇ ਇਸ ਕਾਰਵਾਈ ਨਾਲ ਜੇ ਸਿੱਖ ਸ਼ਰਧਾਲੂਆਂ ਵਿਚ ਵਿਆਪਕ ਤੇ ਤਿੱਖਾ ਰੋਸ ਉਠਿਆਂ ਹੈ ਤਾਂ ਹਾਲਤ ਨੂੰ ਇਥੋਂ ਤਕ ਵਿਗੋੜਨ ਅਤੇ ਇਸ ਦੇ ਨਿਕਲ ਰਹੇ ਨਤੀਜਿਆਂ ਦੀ ਜੁੰਮੇਵਾਰੀ ਤੋਂ ਕਾਂਗਰਸੀ ਹਾਕਮ ਕਿਵੇਂ ਬਚ ਸਕਦੇ ਹਨ?

## 1947—ਫਿਰਕੂ ਝੱਲ ਤੇ ਧਾਰਮਿਕ ਬੇਹੁਰਮਤ ਦਾ ਦੌਰ ਦੌਰਾ

ਧਾਰਮਕ ਅਸਥਾਨਾਂ ਦੀ ਬਹੁਤ ਵੱਡੀ ਪੱਧਰ ਉਤੇ ਬੇਹੁਰਮਤੀ ਅਤੇ ਤਬਾਹੀ ਬਾਰੇ ਜਾਨਣ ਵਾਸਤੇ ਸਾਨੂੰ ਆਪਣੇ ਇਤਿਹਾਸ ਵਿਚ ਬਹੁਤ ਪਿੱਛੇ ਜਾਣ ਦੀ ਵੀ ਲੋੜ ਨਹੀਂ। ਆਪਣੇ ਆਸੇ-ਪਾਸੇ ਨਿਗਾਹ ਮਾਰੋ। ਹਰ ਇਲਾਕੇ ਵਿਚ ਤੁਹਾਨੂੰ ਅਜਿਹੀਆਂ ਡਿੱਗੀਆਂ-ਢਹੀਆਂ ਤੇ ਪੁਰਾਣੀਆਂ ਇਮਾਰਤਾਂ ਦਿਸ ਜਾਣਗੀਆਂ ਕਦੇ ਮਸੀਤਾਂ ਹੁੰਦੀਆਂ ਸਨ। ਤੇ ਹੁਣ ਕਿਸੇ ਮਸੀਤ ਉਤੇ ਝੂਲ ਰਿਹਾ ਨਿਸ਼ਾਨ ਸਾਹਿਬ ਦੱਸ ਰਿਹਾ ਹੈ ਕਿ ਇਸਨੂੰ ਫਿਰਕੂ ਜਨੂੰਨੀ ਧੱਕੜਸ਼ਾਹੀ ਦੇ ਜ਼ੋਰ ਗੁਰਦੁਆਰੇ ਵਿਚ ਬਦਲ ਦਿਤਾ ਗਿਆ ਹੈ, ਕਿਸੇ ਥਾਂ ਮਸੀਤ ਦੀਆਂ ਕੰਧਾਂ ਢਾਹ ਕੇ ਉਸਨੂੰ ਮਕਾਨ ਜਾਂ ਦੁਕਾਨ ਵਿਚ ਮਿਲਾਇਆ ਗਿਆ ਹੈ ਤੇ ਕਿਸੇ ਥਾਂ ਇਸਨੂੰ ਡੰਗਰ ਬੰਨਣ ਜਾਂ ਕੂੜਾ-ਕਰਕਟ ਤੇ ਗੰਦਗੀ ਦੇ ਢੇਰ ਸਿੱਟਣ ਵਾਸਤੇ ਵਰਤਿਆ ਜਾ ਰਿਹਾ ਹੈ। ਇਸਲਾਮ ਧਰਮ ਦੇ ਸ਼ਰਧਾਲੂਆਂ ਵਾਸਤੇ ਕਦੇ, ਧਰਤੀ ਉਤੇ ਸਭ ਤੋਂ ਪਵਿੱਤਰ ਸਮਝੇ ਜਾਣ ਵਾਲੇ ਇਹਨਾਂ ਧਾਰਮਕ ਅਸਥਾਨਾਂ ਦਾ ਇਹ ਹਸ਼ਰ ਕਿਵੇਂ ਹੋ ਗਿਆ? ਇਹ ਉੱਜੜੀਆਂ ਤੇ ਵੀਰਾਨ ਮਸੀਤਾਂ ਸੰਨ ਸੰਤਾਲੀ ਦੇ ਉਸ ਫਿਰਕੂ ਜਨੂੰਨੀ ਘੱਲੂਘਾਰੇ ਦੀ ਭਿਆਨਕ ਕਹਾਣੀ ਸੁਣਾਉਂਦੀਆਂ ਹਨ ਜਿਸ ਵਿਚ ਇਕ ਪਾਸੇ ਹਿੰਦੂ ਤੇ ਸਿੱਖ ਦੂਜੇ ਪਾਸੇ ਇਸਲਾਮ ਧਰਮ ਦੇ ਫਿਰਕੂ ਫਾਸ਼ੀ ਟੋਲਿਆਂ ਨੇ ਤੇ ਲੁਟੇਰੇ ਤੇ ਗੁੰਡੇ ਅਨਸਰਾਂ ਨੇ ਇਕ ਦੂਜੇ ਧਿਰ ਦੇ ਨਾ ਸਿਰਫ ਹਜ਼ਾਰਾਂ ਧਾਰਮਕ ਅਸਥਾਨਾਂ ਦੀ ਤਬਾਹੀ ਕੀਤੀ ਸਗੋਂ ਇਕ ਦੂਜੇ ਧਰਮ ਦੇ ਲੱਖਾਂ ਨਿਰ-ਦੋਸ਼ ਲੋਕਾਂ ਦੇ ਘਰ-ਘਾਟ ਲੁੱਟੇ ਤੇ ਖੂਨ ਦੀਆਂ ਨਦੀਆਂ

ਬਹਾਇਆਂ ।

ਮੌਜੂਦਾ ਪੀੜ੍ਹੀ ਦੇ ਜਿਹੜੇ ਲੋਕਾਂ ਨੇ ਸੰਨ ਸੰਤਾਲੀ ਦੇ ਭਿਆਨਕ ਦੁਖਾਂਤ ਨੂੰ ਅੱਖੀਂ ਦੇਖਿਆ ਜਾਂ ਹੱਡੀਂ ਹੰਢਾਇਆ ਹੈ ਉਹਨਾਂ ਨੂੰ ਚੰਗੀ ਤਰ੍ਹਾਂ ਯਾਦ ਹੋਵੇਗਾ ਕਿ ਕਿਵੇਂ ਗੁਰਦੁਆਰੇ, ਜਿੰਨ੍ਹਾਂ ਦੇ ਦੁਆਰ ਸਭ ਧਰਮਾਂ ਦੇ ਲੋਕਾਂ ਲਈ ਖੁੱਲੇ ਦੱਸੇ ਜਾਂਦੇ ਹਨ, ਮੁਸਲਮਾਨਾਂ ਵਿਰੁੱਧ ਫ਼ਿਰਕੂ ਨਫਰਤ ਤੇ ਜ਼ਹਿਰ ਵੰਡਣ ਦੇ ਕੇਂਦਰ ਬਣ ਗਏ ਸਨ । ਪੂਜਾ-ਪਾਠ ਲਈ ਬਣਾਏ ਗੁਰਦੁਆਰੇ, ਮੁਸਲਮਾਨਾਂ ਅਤੇ ਮਸੀਤਾਂ ਉਤੇ ਹਮਲੇ ਕਰਨ ਦੀਆਂ ਸਾਜ਼ਸ਼ਾਂ ਤਿਆਰ ਕਰਨ, ਇਹਨਾਂ ਹਮਲਿਆ ਲਈ ਹਥਿਆਰਾਂ ਦੇ ਭੰਡਾਰ ਜਮ੍ਹਾਂ ਕਰਨ; ਅਤੇ ਇਹਨਾਂ ਹਮਲਿਆਂ ਦੇ ਦੋਸ਼ੀਆਂ ਵਲੋਂ ਪਨਾਹ ਲੈਣ ਵਾਲੇ ਕੇਂਦਰ ਬਣ ਗਏ ਸਨ । ਜਦੋਂ ਫਿਰਕੂ ਜਨੂੰਨ ਦਾ ਝੱਖੜ ਪੂਰੇ ਜ਼ੋਰ ਨਾਲ ਝੁੱਲ ਪਿਆ ਤਾਂ ਵਿੰਹਦਿਆਂ ਵਿੰਹਦਿਆਂ ਲੱਠਮਾਰ ਤੇ ਲੁਟੇਰੇ ਅਨਸਰ ਵੀ ਅੰਮ੍ਰਿਤ ਛਕ ਕੇ ਸਿੱਖੀ ਭੇਖ ਧਾਰਨ ਲੱਗੇ । ਜਮਹੂਰੀ ਤੇ ਇਨਸਾਫ ਪਸੰਦ ਸਿੱਖ ਸ਼ਰਧਾਲੂਆਂ ਦੀ ਅਵਾਜ਼ ਦਬਣ ਲੱਗੀ ਅਤੇ ਜਨੂੰਨੀ ਤੇ ਭੇਖੀ ਸਿੱਖਾਂ ਦਾ ਬੋਲਬਾਲਾ ਹੋਣ ਲੱਗਿਆ । ਸਿੱਖ ਧਰਮ ਦੀ ਰਾਖੀ ਦੇ ਨਾਂਉਂ ਉਤੇ ਗੁਰਦੁਆਰਿਆਂ ਵਿਚੋਂ ਅਰਦਾਸਾਂ ਕਰਕੇ ਤੁਰੇ ਜਥੇ ਮੁਸਲਮਾਨਾਂ ਦੀ ਜਾਨ-ਮਾਲ ਤੇ ਧਾਰਮਕ ਅਸਥਾਨ ਉਤੇ ਟੁੱਟ ਪਏ । ਕਿਸੇ ਨੇ ਧਰਮ ਦੀ ਰਾਖੀ ਦੇ ਨਾਉਂ ਉਤੇ ਮੁਸਲਮਾਨਾਂ ਦੇ ਘਰ ਲੁੱਟ ਕੇ ਆਪਣੇ ਘਰ ਭਰ ਲਏ । ਕਿਤੇ ਧਰਮ ਦੀ ਰਾਖੀ ਦੇ ਨਾਉਂ ਉਤੇ ਕਿਸੇ 60 ਸਾਲੋ ਦੇ ਬੁੱਢੇ ਨੇ ਆਪਣੇ ਪਿੰਡ ਦੇ ਮੁਸਲਮਾਨ ਪਰਵਾਰ ਦੀ 19 ਸਾਲਾਂ ਦੀ ਧੀ ਨੂੰ ਆਪਣੇ ਘਰ ਲਿਆ ਵਸਾਇਆ । ਐਨ ਇਹੋ ਕੁੱਝ ਪੱਛਮੀ ਪੰਜਾਬ ਦੇ ਮੁਸਲਮ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਮੁਸਲਮਾਨਾਂ ਦੇ ਫਿਰਕੂ ਜਨੂੰਨੀ ਟੋਲਿਆਂ ਤੇ ਗੁੰਡੇ-ਲੁਟੇਰੇ ਅਨਸਰਾਂ ਨੇ ਇਸਲਾਮ ਦੀ ਰਾਖੀ ਦੇ ਨਾਉਂ ਉਤੇ ਹਿੰਦੂ ਤੇ ਸਿੱਖ ਪਰਵਾਰਾਂ ਅਤੇ ਉਹਨਾਂ ਦੇ ਧਾਰਮਕ ਅਸਥਾਨਾਂ ਨਾਲ ਕੀਤਾ ।

## ਅਕਾਲੀ ਆਗੂ ਵੀ ਦੋਸ਼ੀ

ਫਿਰਕਾਪ੍ਰਸਤ ਅਕਾਲੀ ਆਗੂ ਜਦੋਂ ਵਜ਼ਾਰਤੀ-ਕੁਰਸੀਆਂ ਉਤੇ ਬਿਰਾਜਮਾਨ ਹੋਣ ਖਾਤਰ ਸਿੱਖਾਂ ਦੀ ਧਾਰਮਕ ਸ਼ਰਧਾ ਤੇ ਜਜ਼ਬਾਤਾਂ ਨੂੰ ਵੋਟਾਂ ਵਿਚ ਢਾਲਣ ਲਈ ਗੁਰਦੁਆਰਿਆਂ ਦੀ ਮੰਨਤਾ, ਧਨ-ਦੌਲਤ ਤੇ ਵਸੀਲਿਆਂ ਨੂੰ ਵਰਤਦੇ ਹਨ ਤਾਂ ਇਹ ਆਪਣੇ ਆਪ ਵਿਚ ਗੁਰਦੁਆਰਿਆਂ ਦੀ ਦੁਰਵਰਤੋਂ ਕਰਦੇ ਹਨ ।

ਜੇ ਕੋਈ ਮੌਕਾਪ੍ਰਸਤ ਪਾਰਟੀ ਵੋਟਾਂ ਰਾਹੀਂ ਵਜ਼ੀਰੀਆਂ ਲੈਣ ਖਾਤਰ ਗੁਰਦੁਆਰਿਆਂ ਨੂੰ ਵਰਤ ਸਕਦੀ ਹੈ ਤਾਂ ਕੋਈ ਹੋਰ ਆਪਣੀ ਹਥਿਆਰਬੰਦ ਫ਼ਾਸ਼ੀ ਤਾਕਤ ਵਧਾਉਣ ਤੇ ਇਸ ਰਾਹੀਂ ਖਾਲਸਤਾਨ ਦਾ ਰਾਜ ਲੈਣ ਖਾਤਰ ਇਹਨਾਂ ਨੂੰ ਕਿਉਂ ਨਹੀਂ ਵਰਤ ਸਕਦਾ ? ਜਦੋਂ ਖਾਲਿਸਤਾਨੀ ਦਹਿਸ਼ਤਪਸੰਦ ਹਿੰਦੂਆਂ ਅਤੇ ਨਿਰੰਕਾਰੀਆਂ ਵਿਰੁੱਧ ਨਫ਼ਰਤ ਤੇ ਜਨੂੰਨ ਭੜਕਾਉਣ ਖਾਤਰ, ਨਿਰਦੋਸ਼ ਲੋਕਾਂ ਦੇ ਕਤਲ ਕਰਨ ਖਾਤਰ ਹਥਿਆਰਾਂ ਦੇ ਜ਼ਖੀਰੇ ਜਮ੍ਹਾਂ ਕਰਨ ਖਾਤਰ ਤੇ ਜੰਗੀ ਮੋਰਚਾਬੰਦੀਆਂ ਕਰਨ ਖਾਤਰ ਗੁਰਦੁਆਰਿਆਂ ਨੂੰ ਵਰਤ ਰਹੇ ਸਨ ਤਾਂ ਅਕਾਲੀ ਆਗੂਆਂ ਨੂੰ ਇਹ ਸਭ ਕੁਝ ਪਤਾ ਸੀ । ਜਦੋਂ ਹਰਿਮੰਦਰ ਸਾਹਿਬ ਦੇ ਅਹਾਤੇ ਅੰਦਰ ਖਾਲਿਸਤਾਨੀ ਦਹਿਸ਼ਤਪਸੰਦਾਂ ਦੇ ਵੱਖ ਵੱਖ ਟੋਲੇ ਤੇ ਆਗੂਆਂ ਦੇ ਧੜੇ ਇਕ ਦੂਜੇ ਦੇ ਕਤਲ ਕਰ ਰਹੇ ਸਨ, ਜਦੋਂ ਹਰਿਮੰਦਰ ਸਾਹਿਬ ਵਿਚੋਂ ਬੋਰੀਆਂ ਵਿਚ ਪਾ ਪਾ ਲਾਸ਼ਾਂ ਬਾਹਰ ਸਿੱਟੀਆਂ ਜਾ ਰਹੀਆਂ ਸਨ, ਜਦੋਂ ਦਹਿਸ਼ਤਪਸੰਦ ਟੋਲੇ ਇਕ ਦੂਜੇ ਵਿਰੁੱਧ ਹਰਿਮੰਦਰ ਸਾਹਿਬ ਦੇ ਅਹਾਤੇ ਅੰਦਰ ਸ਼ਰਾਬ ਪੀਣ ਤੇ ਔਰਤਾਂ ਅਗਵਾ ਕਰਕੇ ਲਿਆਉਣ ਤੇ ਦੋਸ਼ ਲਾ ਰਹੇ ਸਨ ਤਾਂ ਅਕਾਲੀ ਆਗੂਆਂ ਨੂੰ ਇਹ ਕੋਈ ਭੁਲੇਖਾ ਨਹੀਂ ਸੀ ਕਿ ਹਰਿਮੰਦਰ ਸਾਹਿਬ ਦੀ ਧਾਰਮਿਕ ਮਰਿਯਾਦਾ ਪੈਰਾਂ ਹੇਠ ਰੋਲੀ ਜਾ ਰਹੀ ਹੈ । ਜਦੋਂ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਅੰਦਰ ਪਨਾਹ ਲਈ ਬੈਠੇ, ਕਤਲਾਂ ਦੇ ਦੋਸ਼ੀਆਂ ਨੂੰ ਪੁਲਿਸ ਹਵਾਲੇ ਕਰਨ ਦੀ ਮੰਗ ਕੀਤੀ ਜਾਂਦੀ ਤਾਂ ਸਿੱਖ ਧਰਮ ਦੇ ਪੋਪ ਆਖੇ ਜਾਂਦੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਟੌਹੜਾ ਵੱਲੋਂ ਅਤੇ ਆਪਣੇ ਆਪ ਨੂੰ "ਸੰਤ ਅਖਵਾਉਣ ਵਾਲੇ ਸ੍ਰੀ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਸ਼ਰੇਆਮ ਝੂਠ ਬੋਲਿਆ ਜਾਂਦਾ ਕਿ ਹਰਿਮੰਦਰ ਸਾਹਿਬ ਕੋਈ ਦੋਸ਼ੀ ਨਹੀਂ ਹੈ ਕਿ ਕਤਲਾਂ ਦੀਆਂ ਸਭ ਕਾਰਵਾਈਆਂ, ਕਾਂਗਰਸ ਸਰਕਾਰ ਕਰਵਾ ਰਹੀ ਹੈ । ਮਗਰਲੇ ਦਿਨਾਂ ਵਿਚ ਜਦੋਂ ਇਕ ਉੱਘਾ ਅਕਾਲੀ ਸ੍ਰੀ ਜੀਵਨ ਸਿੰਘ ਉਮਰਾਨੰਗਲ ਵੀ ਕਿਸੇ ਕਾਰਨ ਕੁਝ ਸੱਚ ਬੋਲਣ ਦੀ ਜੁਰਅੱਤ ਕਰਦਿਆਂ ਇਹ ਐਲਾਨ ਕਰ ਰਿਹਾ ਸੀ ਕਿ ਹਰਿਮੰਦਰ ਸਾਹਿਬ ਮੁਜਰਮਾਂ ਦਾ ਅੱਡਾ ਬਣ ਚੁੱਕਿਆ ਹੈ ਪਰ ਪੁਲਸ ਵੱਲੋਂ, ਗੁਰਦੁਆਰਿਆਂ ਅੰਦਰ ਬੈਠੇ ਖਾਲਸਤਾਨੀ ਦਹਿਸ਼ਤਪਸੰਦਾਂ ਨੂੰ ਬੇ-ਅਸਰ ਕਰਨ ਲਈ, ਗੁਰਦੁਆਰਿਆਂ ਦੀ ਨਾਕਾਬੰਦੀ ਦਾ ਥੋੜਾ ਬਹੁਤ ਯਤਨ ਕੀਤਾ ਗਿਆ ਤਾਂ ਅਕਾਲੀ ਆਗੂਆਂ ਨੇ ਪੁਲਸ ਵੱਲੋਂ ਗੁਰਦੁਆਰਿਆਂ ਦੀ ਬੇਅਦਬੀ ਕਰਨ ਅਤੇ 'ਅੰਮ੍ਰਿਤਧਾਰੀ ਸਿੰਘਾਂ' ਨੂੰ ਖਾਹ-ਮਖਾਹ ਤੰਗ-ਪ੍ਰੇਸ਼ਾਨ ਕਰਨ ਦੀ ਪਖੰਡੀ ਬੂ-ਦੁਹਾਈ ਪਾ ਕੇ ਸਿੱਖ ਸ਼ਰਧਾਲੂਆਂ ਨੂੰ ਭੜਕਾਉਣ ਲਈ ਪੂਰਾ ਤਾਣ ਲਾਇਆ । ਅਕਾਲੀ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜੋ ਕੁਝ ਗੁਰਦੁਆਰਿਆਂ, ਖਾਸ ਕਰ ਹਰਿਮੰਦਰ ਸਾਹਿਬ ਵਿਚ ਹੋ ਰਿਹਾ ਹੈ ਜੇ ਇਹ ਬੰਦ ਨਾ ਹੋਇਆ ਤਾਂ ਇਸਦਾ ਲਾਜ਼ਮੀ ਸਿੱਟਾ ਪੁਲਸ ਜਾਂ ਫੌਜ ਵੱਲੋਂ ਗੁਰਦੁਆਰੇ ਅੰਦਰ ਦਾਖਲ ਹੋ ਕੇ ਖਾਲਸਤਾਨੀ ਦਹਿਸ਼ਤਪਸੰਦਾਂ ਨਾਲ ਖੂਨੀ ਟੱਕਰਾਂ ਵਿਚ

ਨਿਕਲੇਗਾ। ਪਰ ਉਹ ਗੁਰਦੁਆਰਿਆਂ ਬਾਰੇ ਆਪਣੀ ਸ਼ਰਧਾ ਨਾਲੋਂ ਆਪਣੀਆਂ ਤੰਗਨਜ਼ਰ ਸਿਆਸੀ ਗਰਜ਼ਾਂ ਨੂੰ ਮੂਹਰੇ ਰੱਖਦੇ ਰਹੇ ਅਤੇ ਦਿਨੋ-ਦਿਨ ਵਿਗੜਦੀ ਹਾਲਤ ਨੂੰ ਠੱਲ੍ਹ ਪਾਉਣ ਦੀ ਬਜਾਏ ਸਿਰੇ ਤੱਕ ਵਿਗਾੜਨ ਦੇ ਭਾਗੀ ਬਣਦੇ ਰਹੇ। ਹੁਣ ਗੁਰਦੁਆਰਿਆਂ ਅੰਦਰ ਵਾਪਰੀਆਂ ਖੂਨੀ ਘਟਨਾਵਾਂ ਉਤੇ ਮੌਕਾਪ੍ਰਸਤ ਤੇ ਪਖੰਡੀ ਅਕਾਲੀ ਆਗੂਆਂ ਵੱਲੋਂ ਕੇਰੇ ਜਾ ਰਹੇ ਨਕਲੀ ਹੰਝੂ ਇਸ ਹਕੀਕਤ ਉਤੇ ਪਰਦਾ ਨਹੀਂ ਪਾ ਸਕਦੇ ਕਿ ਹਰਿਮੰਦਰ ਸਾਹਿਬ ਅਤੇ ਕੁਝ ਹੋਰਨਾਂ ਗੁਰਦੁਆਰਿਆਂ ਦੇ ਹੋਏ ਇਸ ਹਸ਼ਰ ਲਈ, ਖਾਲਸਤਾਨੀ ਦਹਿਸ਼ਤਪਸੰਦਾਂ ਅਤੇ ਕਾਂਗਰਸੀ ਹਾਕਮਾਂ ਦੇ ਨਾਲੋ ਨਾਲ ਉਹ ਵੀ ਪੂਰੀ ਤਰ੍ਹਾਂ ਜ਼ੁੰਮੇਵਾਰ ਹਨ।

## ਧਾਰਮਕ-ਸਥਾਨਾਂ ਦੀ ਦੁਰਵਰਤੋਂ ਰੋਕਣੀ ਜ਼ਰੂਰੀ

ਇਕ ਸੱਚੀ ਜਮਹੂਰੀਅਤ ਵਾਲੇ ਮੁਲਕ ਵਿਚ ਲੋਕਾਂ ਨੂੰ ਇਹ ਪੂਰੀ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਇਕ ਧਰਮ ਨੂੰ ਮੰਨਣ ਜਾਂ ਕਿਸੇ ਦੂਜੇ ਨੂੰ ਮੰਨਣ 'ਤੇ ਜਾਂ ਉਕਾ ਹੀ ਕਿਸੇ ਧਰਮ ਨੂੰ ਨਾ ਮੰਨਣ। ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦਾ ਇਹ ਜਮਹੂਰੀ ਹੱਕ ਹੈ ਕਿ ਉਹ ਆਪਣੇ ਧਾਰਮਕ ਅਸਥਾਨਾਂ ਨੂੰ ਆਪਣੇ ਧਾਰਮਕ ਵਿਸ਼ਵਾਸਾਂ ਤੇ ਰਹੁ-ਰੀਤਾਂ ਅਨੁਸਾਰ ਚਲਾ ਸਕਣ ਬਸ਼ਰਤੇ ਕਿ ਉਹਨਾਂ ਦੀ ਇਹ ਧਾਰਮਕ ਕਿਰਿਆਂ ਹੋਰਨਾਂ ਦੇ ਜਮਹੂਰੀ ਹੱਕਾਂ ਵਿਚ ਦਖਲ ਨਾ ਦਿੰਦੀ ਹੋਵੇ। ਜਦੋਂ ਸਰਕਾਰ ਵੱਲੋਂ ਕਿਸੇ ਇਕ ਧਰਮ ਦੇ ਲੋਕਾਂ ਦੀ ਇਸ ਧਾਰਮਕ ਅਜ਼ਾਦੀ ਵਿਚ ਦਖਲ ਦਿੱਤਾ ਜਾਂਦਾ ਹੈ ਜਾਂ ਕਿਸੇ ਹੋਰ ਨੂੰ ਦਖਲ ਦੇਣ ਦੀ ਖੁਲ੍ਹ ਤੇ ਸ਼ਹਿ ਦਿੱਤੀ ਜਾਂਦੀ ਹੈ ਤਾਂ ਇਹ ਸਾਰੇ ਇਨਸਾਫ ਤੇ ਜਮਹੂਰੀਅਤ ਪਸੰਦ ਲੋਕਾਂ ਦੀ ਚਿੰਤਾ ਦਾ ਮਸਲਾ ਬਣਨਾ ਚਾਹੀਦਾ ਹੈ ਚਾਹੇ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਹੋਣ ਤੇ ਚਾਹੇ ਨਾਸਤਕ ਹੋਣ। ਕਿਉਂਕਿ ਇਕ ਧਰਮ ਦੇ ਲੋਕਾਂ ਦੀ ਧਾਰਮਕ ਅਜ਼ਾਦੀ ਉਤੇ ਵੱਜਿਆ ਛਾਪਾ ਹੋਰਨਾਂ ਦੀਆਂ ਧਾਰਮਕ ਅਜ਼ਾਦੀਆਂ ਉਤੇ ਛਾਪੇ ਵੱਜਣ ਦਾ ਰਾਹ ਖੋਲ੍ਹਦਾ ਹੈ। ਕਿਉਂਕਿ ਧਾਰਮਕ ਅਜ਼ਾਦੀਆਂ ਦਾ ਜਮਹੂਰੀ ਹੱਕ ਖੁੱਸਣ ਦਾ ਰਾਹ ਖੁੱਲ੍ਹਦਾ ਹੈ। ਧਾਰਮਕ ਅਸਥਾਨਾਂ ਵਿਚ ਪੁਲਸ ਜਾਂ ਫੌਜ ਦੇ ਦਾਖਲੇ ਦੇ ਸੁਆਲ ਨੂੰ ਇਸੇ ਪਰਸੰਗ ਵਿਚ ਰੱਖਕੇ ਦੇਖਣਾ ਚਾਹੀਦਾ ਹੈ। ਇਹ ਇਕ ਗਲਤ ਤੇ ਗੁੰਮਰਾਹ ਕਰਨ ਵਾਲਾ ਪ੍ਰਭਾਵ ਹੈ ਕਿ ਧਾਰਮਕ ਅਸਥਾਨਾਂ ਵਿਚ ਕਿਸੇ ਵੀ ਹਾਲਤ ਵਿਚ ਜੇ ਕਿਸੇ ਧਰਮ ਦੇ ਲੋਕਾਂ ਦੀ ਧਾਰਮਕ ਆਜ਼ਾਦੀ ਵਿਚ ਦਖਲ ਦੇਣ ਦੇ ਮਨੋਰਥ ਨਾਲ ਪੁਲਸ ਜਾਂ ਫੌਜ ਧਾਰਮਕ ਅਸਥਾਨਾਂ ਵਿਚ ਦਾਖਲ ਹੁੰਦੀ ਹੈ ਤਾਂ ਸਾਰੇ ਇਨਸਾਫ ਤੇ ਜਮਹੂਰੀਅਤ ਪਸੰਦ ਲੋਕਾਂ ਵੱਲੋਂ ਇਸਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ। ਪਰ ਜੇ ਕਿਸੇ ਸਵਾਰਥੀ ਤੇ ਮੌਕਾਪ੍ਰਸਤ ਵਿਅਕਤੀ, ਗਰੁੱਪ ਜਾਂ ਪਾਰਟੀ ਵੱਲੋਂ ਆਪਣੇ ਚੰਦਰੇ ਮਨੋਰਥਾਂ ਖਾਤਰ ਧਾਰਮਕ ਅਸਥਾਨਾਂ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਅਜਿਹੀਆਂ ਹਾਲਤਾਂ ਪੈਦਾ ਹੋ ਸਕਦੀਆਂ ਹਨ ਜਦੋਂ ਇਸ ਦੁਰਵਰਤੋਂ ਨੂੰ ਰੋਕਣ ਲਈ ਪੁਲਸ ਜਾਂ ਫੌਜ ਦਾ ਧਾਰਮਕ ਅਸਥਾਨਾਂ ਵਿਚ ਦਾਖਲ ਹੋਣਾ ਜ਼ਰੂਰੀ ਬਣ ਜਾਂਦਾ ਹੈ। ਅਜਿਹੀ ਹਾਲਤ ਪੈਦਾ ਹੋਣ ਤੋਂ ਰੋਕਣ ਲਈ, ਇਕੋ ਇਕ ਇਲਾਜ ਧਾਰਮਕ ਅਸਥਾਨਾਂ ਦੀ ਅਜਿਹੀ ਦੁਰਵਰਤੋਂ ਨੂੰ ਰੋਕਣਾ ਹੈ।

(ਜ਼ਫਰਨਾਮਾ ਜੁਲਾਈ 1984 ਤੋਂ ਧੰਨਵਾਦ ਸਹਿਤ)

## 11. ਸਾਬਕ ਬੀ.ਐਸ ਐਫ ਦੇ ਡਾਇਰੈਕਟਰ ਜਨਰਲ ਅਸ਼ਵਨੀ ਕੁਮਾਰ ਦੇ ਨਾਂ ਇਕ ਨਕਸਲੀ ਦੀ ਖੁਲ੍ਹੀ ਚਿੱਠੀ

ਅਸ਼ਵਨੀ ਕਮਾਰ,

ਅੱਜ ਤੇਰੇ ਨਾਂ ਥੱਲੇ ਹਿੰਦ ਸਮਾਚਾਰ ਗਰੁਪ ਦੀਆਂ ਅਖਬਾਰਾਂ ਵਿਚ ਇਕ ਇੰਟਰਵਿਊ ਪੜ੍ਹੀ ਹੈ ਜੋ ਤੂੰ ਵੀਕ-ਐਂਡ ਰੀਵੀਊ ਅਖਬਾਰ ਦੀ ਪੱਤਰ ਪ੍ਰੇਰਕ ਕੁੰਮਕੁਮ ਚੱਢਾ ਨੂੰ ਦਿਤੀ ਹੈ ਤੇ ਜਿਸਦੀ ਸੁਰਖੀ ਹਿੰਦ ਸਮਾਚਾਰ, ਜੱਗਬਾਣੀ ਅਤੇ ਪੰਜਾਬ ਕੇਸਰੀ ਨੇ ਇਸ ਤਰ੍ਹਾਂ ਦਿਤੀ ਹੈ। 'ਪੰਜਾਬ ਸਮੱਸਿਆ ਦੇ ਪਿਛੇ ਨਕਸਲੀਆਂ ਦਾ ਹੱਥ ਹੈ'। ਤੇਰੀ ਇਸ ਇੰਟਰਵਿਊ ਤੋਂ ਲਗਦਾ ਹੈ ਕਿ ਰੀਟਾਇਰ ਹੋਣ ਦੇ ਏਨੇ ਸਾਲਾਂ ਦੇ ਬਾਅਦ ਵੀ ਤੇਰੇ ਦਿਮਾਗ ਵਿਚੋਂ ਨਕਸਲਵਾੜੀਆਂ ਦਾ ਫੋਬੀਆ ਨਹੀਂ ਨਿਕਲਿਆ ਤੇ ਸੁੱਤੇ ਸੁੱਤੇ ਤੂੰ ਅਬੜਵਾਹੇ ਉਠ ਖਲੋਨਾ ਏਂ ਤੇ ਕਹਿਣਾ ਸ਼ੁਰੂ ਕਰ ਦੇਨਾ ਏਂ 'ਉਹ ਨਕਸਲੀ ਆ ਗਏ, ਉਹ ਨਕਸਲੀ ਆ ਗਏ'। ਤੇਰੇ ਅੰਦਰ ਤੇਰੇ ਗੁਨਾਹ ਬੋਲਦੇ ਹਨ ਕਿਉਂਕਿ ਪੰਜਾਬ ਦਾ ਬੱਚਾ ਬੱਚਾ ਅਤੇ ਹਿੰਦੁਸਤਾਨ ਦਾ ਹਰ ਪੁਲਸ ਕਰਮਚਾਰੀ ਜਾਣਦਾ ਹੈ ਕਿ ਪੁਲਸ ਕਾਰਗੁਜ਼ਾਰੀ ਵਿਚ 'ਝੂਠੇ ਪੁਲਸ ਮੁਕਾਬਲਿਆਂ' ਦੀ ਪਿਰਤ ਪਾਉਣ ਵਾਲੇ ਮੋਢੀਆਂ ਵਿਚ ਤੂੰ ਹੀ ਸ਼ਖਸੀਅਤ ਏਂ। ਇਹ ਤੂੰ ਹੀ ਏਂ ਜਿਸ ਨੇ ਦੇਸ਼ ਦੇ ਵਿਧਾਨ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ। ਆਪਣੇ ਸਿਆਸੀ ਬੌਸਾਂ ਦੇ ਇਸ਼ਾਰੇ ਤੇ ਕਥਿਤ ਸਮਗਲਰਾਂ ਨੂੰ ਬੰਨ੍ਹਕੇ ਮਾਰਨਾ ਅਤੇ ਫੇਰ ਲਾਸ਼ ਬਾਰਡਰ ਤੇ ਜਾ ਕੇ ਸੁੱਟ ਦੇਣੀ ਤੇ ਅਗਲੇ ਦਿਨ ਅਖਬਾਰ ਵਿਚ ਝੂਠਾ ਬਿਆਨ ਦੇ ਦੇਣਾ ਕਿ ਰਾਤ ਪੁਲਸ ਮੁਕਾਬਲੇ ਵਿਚ ਫਲਾਂ ਫਲਾਂ ਸਮਗਲਰ ਮਾਰੇ ਗਏ। ਇਹ ਤੇਰੀ ਹੀ ਕਾਢ ਹੈ। ਸਮਗਲਰਾਂ ਤੋਂ ਸ਼ੁਰੂ ਕਰਕੇ ਝੂਠੇ ਪੁਲਸ ਮੁਕਾਬਲੇ ਵਿਚ ਬਾਬਾ ਬੂਝਾ ਸਿੰਘ ਵਰਗੇ ਦੇਸ਼ ਭਗਤਾਂ ਦਾ ਕਤਲ ਵੀ ਤੇਰੇ ਜ਼ਿੰਮੇ ਹੈ। ਪੰਜਾਬ ਦੇ ਬੇਹਤਰੀਨ 80 ਨੌਜਵਾਨਾਂ ਦੇ ਕਤਲ ਵੀ ਸਿਧੇ ਅਤੇ ਅਸਿਧੇ ਤੌਰ ਤੇ ਤੇਰੇ ਜ਼ਿਮੇਂ ਲਗਦੇ ਹਨ। ਇਹ ਤੂੰ ਹੀ ਏਂ ਜਿਸਨੇ ਸਾਥੀ ਤੇਜਾ ਸਿੰਘ ਸੁਤੰਤਰ ਵਰਗੇ ਆਗੂਆਂ ਨੂੰ ਵੀ ਪੁਲਸ ਮੁਕਾਬਲੇ ਵਿਚ ਖਤਮ ਕਰ ਦੇਣ ਦੀ ਫੜ ਮਾਰੀ ਸੀ।

ਡਰਾਮੇਬਾਜ਼ੀ ਕਰਨ ਵਿਚ ਤੂੰ ਮਾਹਿਰ ਏਂ । ਕੌਣ ਨਹੀਂ ਜਾਣਦਾ ਕਿ ਕੈਰੋਂ ਦੇ ਕਾਤਲ ਸੁੱਚਾ ਸਿੰਘ ਨੂੰ ਫੜਿਆ ਤੂੰ ਪੰਜਾਬ ਵਿਚ ਅਤੇ ਫੇਰ ਨੇਪਾਲ ਬਾਰਡਰ ਤੇ ਲਿਜਾਕੇ ਬੜੀ ਬੇਸ਼ਰਮੀ ਨਾਲ ਡਰਾਮਾ ਰਚਿਆ ਕਿ ਸੁੱਚਾ ਸਿੰਘ ਭਾਰਤ ਦਾ ਬਾਰਡਰ ਕਰਾਸ ਕਰਕੇ ਨੇਪਾਲ ਚਲਿਆ ਜਾਣ ਲੱਗਾ ਸੀ ਤੇ ਤੂੰ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਬੜੀ ਬਹਾਦਰੀ ਨਾਲ ਉਸਨੂੰ ਫੜਿਆ । ਆਪਣੇ ਸਿਆਸੀ ਬੌਸਾਂ ਕੋਲ ਇਸ ਡਰਾਮੇਬਾਜ਼ੀ ਕਰਕੇ ਤੂੰ ਸ਼ਾਬਾਸ਼ ਵੀ ਲਈ ਅਤੇ ਤਰੱਕੀ ਵੀ ਲਈ, ਕਿਉਂਕਿ ਇਹ ਬੌਸ ਆਪ ਵੱਡੇ ਡਰਾਮਾਬਾਜ਼ ਨੇ, ਜਿਨ੍ਹਾਂ ਨੇ ਭਾਰਤ ਦੇ ਲੋਕਾਂ ਨੂੰ ਪਿਛਲੇ 37 ਸਾਲਾਂ ਤੋਂ ਗਧੀ ਗੇੜ ਵਿਚ ਪਾਇਆ ਹੋਇਆ ਹੈ । ਤੇਰੀ ਸਿਆਸੀ ਸੂਝ ਕਿਤਨੀ ਕੁ ਹੈ, ਇਹ ਤੂੰ ਅਪਣੇ ਹੀ ਮੂੰਹੋਂ ਇਸ ਇੰਟਰਵਿਊ ਵਿਚ ਦੱਸੀ ਹੈ । ਜਦੋਂ ਕੁਮ ਕੁਮ ਚੱਢਾ ਨੇ ਤੇਰੇ ਕੋਲ ਸਵਾਲ ਪੁਛਿਆ—"ਤੁਹਾਡੀ ਰਾਏ ਵਿਚ ਸਿੱਖਾਂ ਦੀਆਂ ਜਾਇਜ਼ ਮੰਗਾਂ ਕਿਹੜੀਆਂ ਹਨ ?" ਤਾਂ ਤੇਰਾ ਜਵਾਬ ਸੀ—'ਮੈਂ ਨਹੀਂ ਜਾਣਦਾ, ਇਹ ਤਾਂ ਸਿਆਸੀ ਸਵਾਲ ਹੈ । ਅਸੀਂ ਫ਼ੌਜੀ ਆਦਮੀ ਹਾਂ, ਡੰਡਾ ਫੜਿਆ ਤੇ ਚਲ ਪਏ ।'

ਜੇ ਤੇਰੀ ਸਿਆਸੀ ਸਮਝ ਡੰਡਾ ਫੜਣ ਤੱਕ ਹੀ ਏ, ਤਾਂ ਤੇਰਾ ਕੀ ਹੱਕ ਏ ਕਿ ਇਹ ਬਿਆਨ ਦੇਵੇਂ ਕਿ ਪੰਜਾਬ ਸਮਸਿਆ ਪਿਛੇ ਨਕਸਲੀਆਂ ਦਾ ਹੱਥ ਏ । ਸਿਆਸਤ ਦਾ ੳ, ਅ ਜਾਣਨ ਵਾਲੇ ਵੀ ਜਾਣਦੇ ਨੇ ਕਿ ਭਿੰਡਰਾਂ-ਵਾਲਿਆਂ ਦੇ ਫਿਰਕੂ ਜਨੂੰਨ ਦਾ ਫਲਸਫਾ ਅਤੇ ਨਕਸ-ਲੀਆਂ ਦਾ ਪ੍ਰੋਲਤਾਰੀ ਇਨਕਲਾਬ ਦਾ ਮਾਰਕਸੀ ਫਲ-ਸਫਾ ਬਿਲਕੁਲ ਹੀ ਉਲਟ ਧਾਰਨਾਵਾਂ ਹਨ ਤੇ ਇਸੇ ਕਰਕੇ ਫਿਰਕੂ ਜਨੂੰਨ ਦੇ ਵਿਰੁਧ ਲਗਾਤਾਰ ਲੜਾਈ ਦੇਣ ਵਾਲਿਆਂ ਵਿਚੋਂ ਸਾਰਿਆਂ ਨਾਲੋਂ ਮੋਢੀ ਇਹ ਨਕਸਲ-ਬਾੜੀਏ ਹੀ ਸਨ । ਤੇਰੀ ਸਾਰੀ ਇੰਟਰਵਿਊ ਵਿਚ ਤੇਰੀ 'ਮੈਂ' ਬੋਲਦੀ ਹੈ । ਜਦੋਂ ਤੂੰ ਬੀ.ਐਸ.ਐਫ. ਦਾ ਡਾਇ-ਜਨਰਲ ਸੀ, ਉਦੋਂ ਵੀ ਤੂੰ ਬਿਆਨ 'ਮੈਂ' ਵਿਚ ਦੇਂਦਾ ਸੀ ਤੇ ਤੇਰੇ ਝੋਲੀ ਚੁਕ ਮਤਾਹਿਤ ਤੇਰੀ ਇਸ ਹਉਮੈਂ ਨੂੰ ਪਠੇ ਪਾ ਦੇਂਦੇ ਸਨ, ਹਾਲਾਂਕਿ ਸਚਾਈ ਇਹ ਹੈ ਕਿ ਬੀ. ਐਸ. ਐਫ ਵਿਚ ਜਿਹੜਾ ਭ੍ਰਿਸ਼ਟਾਚਾਰ ਇਸ ਵੇਲੇ ਹੈ, ਉਹਦਾ ਬਹੁਤ ਮੁੱਢ ਤੇਰੇ ਅਹਿਦ ਵਿਚ ਹੀ ਬਝਿਆ । ਇਹ ਜਿਹੜੇ ਹਥਿਆਰ ਬਾਹਰੋਂ ਸਮਗਲ ਹੋ ਕੇ ਆਏ ਹਨ, ਇਹ ਤੇਰੀ ਹੀ ਸਿਖਲਾਈ ਹੋਈ ਬੀ. ਐਸ. ਐਫ ਦੀ ਮਿਹਰਬਾਨੀ ਹੈ, ਜਿਸਦੀ ਪੁਸ਼ਟੀ ਹੁਣ ਦੇ ਡਾਇਰੈਕਟਰ ਜਨਰਲ ਬੀਰਬਲ ਨਾਥ ਨੇ ਆਪ ਕੀਤੀ ਹੈ । ਹੁਣ ਵੀ ਤੇਰੀ 'ਮੈਂ' ਤੈਨੂੰ ਇਹ ਬੁਲਵਾ ਰਹੀ ਹੈ ਜੇ 'ਮੈਂ' ਹੁੰਦਾ ਤਾਂ ਪੰਜਾਬ ਦਾ ਇਹ ਸੰਕਟ ਨਾਂ ਹੁੰਦਾ । ਮੈਂ ਪਹਿਲੋਂ ਦਰਬਾਰ ਸਾਹਿਬ ਵਿਚ ਵੜ ਗਿਆ ਸਾਂ, ਹੁਣ ਵੀ ਵੜ ਜਾਂਦਾ । ਭਾਵੇਂ ਤੂੰ ਚੰਗੀ ਤਰ੍ਹਾਂ ਜਾਣਦਾ ਏਂ ਤੇ ਇਹਦਾ ਜ਼ਿਕਰ ਵੀ ਤੂੰ ਆਪਣੀ ਇੰਟਰਵਿਊ ਵਿਚ ਵੀ ਕੀਤਾ ਏ ਕਿ ਪਹਿਲੇ ਤੇ ਹੁਣ ਵਿਚ ਬੜਾ ਫਰਕ ਏ । ਹੁਣ ਤੂੰ ਰੀਟਾਇਰ ਹੋ ਗਿਆ ਏਂ ਤਾਂ ਸ਼ਾਂਤੀ ਨਾਲ ਬੈਠਾ ਰਹੁ, ਜਿਸ ਸਿਆਸਤ ਦਾ ਤੈਨੂੰ ਪਤਾ ਹੀ ਨਹੀਂ, ਉਸ ਬਾਰੇ ਕਿਉਂ ਬੇਸ਼ਰਮਾਂ ਵਾਂਗ ਊਲਜਲੂਲ ਬਿਆਨ ਦੇਨ੍ਹਾ ਏਂ ? ਬਾਕੀ ਲਗਦਾ ਹੈ ਕਿ ਹਿੰਦਸਮਾਚਾਰ ਵਾਲਿਆਂ ਨੂੰ ਵੀ ਰਮੇਸ਼ ਬਾਬੂ ਅਤੇ ਲਾਲਾ ਜਗਤ ਨਰਾਇਣ ਦੀਆਂ ਮੌਤਾਂ ਭੁਲ ਗਈਆਂ ਹਨ । ਉਹਨਾਂ ਨੂੰ ਸੁਰਖੀਆਂ ਚਾਹੀਦੀਆਂ ਹਨ । ਭਿੰਡਰਾਂ-ਵਾਲਾ ਨਹੀਂ ਰਿਹਾ ਤਾਂ ਨਕਸਲੀਆਂ ਨੂੰ ਨਿਸ਼ਾਨਾ ਬਣਾਉ । ਵੀਕ ਐਂਡ ਰੀਵੀਊ ਦਾ ਪਤਰਕਾਰ ਕੁੰਮਕੁੰਮ ਚੱਢਾ ਨੂੰ ਸ਼ਾਇਦ ਪੰਜਾਬ ਦੀ ਸਿਆਸਤ ਬਾਰੇ ਵਾਕਫੀਅਤ ਨਾ ਹੋਵੇ ਪਰ 'ਹਿਂਦ ਸਮਾਚਾਰ' ਵਾਲਿਆਂ ਕੋਲੋਂ ਤਾਂ ਨਹੀਂ ਭੁਲਿਆ ਹੋਣਾ ਚਾਹੀਦਾ ਕਿ ਜਦੋਂ ਸਾਰਾ ਪੰਜਾਬ ਸਰਕਾਰ ਸਮੇਤ ਭਿੰਡਰਾਂਵਾਲੇ ਅਗੇ ਗੋਡੇ ਟੇਕ ਗਿਆ ਸੀ ਤਾਂ ਉਹ ਕੌਣ ਸਨ ਜੋ ਜਲੰਧਰ ਦੀਆਂ ਸੜਕਾਂ ਤੇ, ਪੰਜਾਬ ਦੇ ਪਿੰਡਾਂ ਵਿਚ ਫਿਰਕੂ ਜਨੂੰਨ ਵਿਰੁਧ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ ? ਉਹ ਕਮਿਊਨਿਸਟ ਸਨ, ਨਕਸਲੀ ਸਨ; ਹੋਰ ਕੋਈ ਨਹੀਂ ਸੀ ।

5 (ਇਕ ਨਕਸਲੀ 11.7.84)

## 12. ਕੌਮੀ ਪ੍ਰੈਸ ਵਿਚ ਪੱਖਵਾਦੀ ਰੁਝਾਣ

(ਨਕਸਲਬਾੜੀਆਂ ਦੀ ਭੂਮਿਕਾ)

ਪੰਜਾਬ ਦੇ ਸੰਕਟ ਬਾਰੇ ਨੈਸ਼ਨਲ ਪ੍ਰੈਸ ਵਿਚ ਜੋ ਚੈਰਚਾ ਹੋਈ ਹੈ, ਉਹਦੇ ਵਿਚ ਆਮ ਤੌਰ 'ਤੇ ਇਹ ਇੱਛਾ ਜ਼ਾਹਰ ਕੀਤੀ ਗਈ ਹੈ ਕਿ ਜ਼ਖ਼ਮਾਂ ਤੇ ਮਰਹਮ ਲਗਾਉਣ ਵਾਲੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਹਿੰਦੂ ਸਿਖ ਪਾੜੇ ਨੂੰ ਵਧਣ ਨਹੀਂ ਦੇਣਾ ਚਾਹੀਦਾ ਪਰ ਬਹੁਤ ਸਾਰੀਆਂ ਲਿਖਤਾਂ ਇਸ ਮੰਤਵ ਦੇ ਉਲਟ ਜਾਂਦੀਆਂ ਹਨ। ਇਕ ਰੁਝਾਣ ਕੌਮੀ ਪ੍ਰੈਸ ਵਿਚ ਇਸ ਤਰਾਂ ਚਲਦਾ ਹੈ ਜਿਹੜਾ ਇਹ ਪ੍ਰਗਟ ਕਰਦਾ ਹੈ ਕਿ ਜਿਸ ਤਰਾਂ ਸਾਰੇ ਸਿਖ ਭਿੰਡਰਾਂਵਾਲੇ ਨਾਲ ਸਹਿਮਤ ਸਨ ਜਾਂ ਉਹਦੀਆਂ ਕਾਰਵਾਈਆਂ ਬਾਰੇ ਚੁਪ ਦਰਸ਼ਕ ਸਨ । ਟਾਈਮਜ਼ ਆਫ ਇੰਡੀਆ ਦੇ ਐਡੀਟਰ ਗਿਰੀ ਲਾਲ ਜੈਨ ਨੇ ਇੱਕ ਸੰਪਾਦਕੀ ਵਿਚ ਇਹ ਲੇਖ ਲਿਖਿਆ, 'ਸਿਖ ਬੁਧੀਜੀਵੀ ਕਿਥੇ ਸਨ ?' ਉਹਨਾਂ ਨੇ, ਭਿੰਡਰਾਂਵਾਲੇ ਦੀਆਂ ਕਾਰ-ਵਾਈਆਂ ਵਿਰੁਧ ਕੋਈ ਠੋਸ ਕਦਮ ਕਿਉਂ ਨਹੀਂ ਚੁਕਿਆ ? ਇਸ ਤਰਾਂ ਹੋਰ ਪਤਰਕਾਰਾਂ ਨੇ ਵੀ ਸਵਾਲ ਕੀਤੇ ਹਨ । ਉਹਨਾਂ ਦਾ ਜਵਾਬ ਖੁਸ਼ਵੰਤ ਸਿੰਘ ਤੇ ਹੋਰਨਾਂ ਨੇ ਦਿੱਤਾ ਹੈ ਪਰ ਕਿਸੇ ਨੇ ਵੀ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਕਮਿਊਨਿਸਟਾਂ ਨੇ ਆਮ ਤੌਰ

ਤੇ ਅਤੇ ਕਮਿਊਨਿਸਟ ਇਨਕਲਬੀਆਂ ਨੇ ਖਾਸ ਕਰਕੇ ਸਿਰ ਧੜ ਦੀ ਬਾਜ਼ੀ ਲਗਾ ਕੇ ਫਿਰਕੂ ਜਨੂੰਨ ਵਿਰੁਧ ਸੰਘਰਸ਼ ਕੀਤਾ। ਕੀ ਉਹਨਾਂ ਵਿਚ ਕੋਈ ਬੁਧੀਜੀਵੀ ਨਹੀਂ ਸੀ ? ਨੈਸ਼ਨਲ ਪ੍ਰੈਸ ਦਾ ਇਹ ਦੁਖਾਂਤ ਰਿਹਾ ਹੈ ਕਿ ਉਹਦੇ ਪਤਰਕਾਰ ਦਿੱਲੀ ਤੋਂ ਸਿਧਾ ਅਮ੍ਰਿਤਸਰ ਦਰਬਾਰ ਸਾਹਿਬ ਹੀ ਆਂਦੇ ਰਹੇ ਹਨ ਅਤੇ ਦੋ ਚਾਰ ਵਿਅਕਤੀਆਂ ਨੂੰ ਹੀ ਮਿਲਕੇ ਰੰਗਦਾਰ ਤਸਵੀਰਾਂ ਖਿੱਚਕੇ ਵਾਪਸ ਚਲੇ ਜਾਂਦੇ ਰਹੇ ਹਨ। ਪੰਜਾਬ ਭਰ ਵਿਚ ਅੱਤਿਵਾਦ "ਦੇ ਵਿਰੁਧ ਜੋ ਸੰਘਰਸ਼ ਹੋਇਆ, ਉਹ ਕਿਸੇ ਦੇ ਨੋਟਿਸ ਵਿਚ ਨਹੀਂ ਆਇਆ। ਕਮਿਊਨਿਸਟ ਇਨਕਲਾਬੀਆਂ ਦੀ ਭੂਮਿਕਾ ਨੂੰ ਸਿਰਫ ਨਜ਼ਰਅੰਦਾਜ਼ ਹੀ ਨਹੀਂ ਕੀਤਾ। ਸਗੋਂ ਇਸ ਬਾਰੇ ਕੂਫਰ ਵੀ ਤੋਲਿਆ ਗਿਆ। ਪਤਰਕਾਰੀ ਦੀ ਇਸ ਤੋਂ ਵਡੀ ਬੇਈਮਾਨੀ ਕੀ ਹੋ ਸਕਦੀ ਹੈ ਕਿ ਕੋਈ ਪੱਤਰਕਾਰ ਇਹ ਝੂਠ ਲਿਖ ਦੇਵੇ ਕਿ ਨਕਸਲਬਾੜੀਏ ਭਿੰਡਰਾਂਵਾਲੇ ਦੇ ਭਾਈਵਾਲ ਹਨ। ਸਰਕਾਰ ਨੇ ਤਾਂ ਚਿਟੇ ਪਰਚੇ ਵਿਚ ਇਹ ਚਿੱਟਾ ਝੂਠ ਲਿਖਣਾ ਹੀ ਸੀ, ਪਰ ਇੰਡੀਅਨ ਐਕਸਪ੍ਰੈਸ ਦੇ ਪਤ੍ਰਕਾਰ ਜਗਤਾਰ ਜਾਂ ਟ੍ਰਿਬਿਊਨ ਵਿਚ ਲਿਖਣ ਵਾਲੇ ਸਤਿੰਦਰ ਸਿੰਘ, ਜੋ ਪੰਜਾਬ ਦੇ ਹਾਲਾਤ ਬਾਰੇ ਜਾਣੂੰ ਹਨ, ਇਸ ਗ਼ਲਤ ਬਿਆਨੀ ਵਿਚ ਸ਼ਾਮਿਲ ਹੋ ਜਾਣ ਤਾਂ ਇਸ ਤੋਂ ਵਡਾ ਦੁਖਾਂਤ ਕੀ ਹੋ ਸਕਦਾ ਹੈ ? ਕਮਿਊਨਿਸਟ ਇਨਕਲਾਬੀਆਂ ਦੇ ਵਖ ਵਖ ਗਰੁਪਾਂ ਦੇ ਅੱਠ ਪਰਚੇ ਨਿਕਲਦੇ ਹਨ। ਜਿਨ੍ਹਾਂ ਦੀ ਕੁਲ ਸਰਕੁਲੇਸ਼ਨ 20,000 ਤੋਂ ਉਪਰ ਹੈ। ਉਹਨਾਂ ਵਿਚੋਂ ਕਿਸੇ ਇਕ ਉਤੇ ਸਰਸਰੀ ਨਜ਼ਰ ਫੇਰਿਆਂ ਹੀ ਕਮਿਊਨਿਸਟ ਇਨਕਲਾਬੀਆਂ ਦਾ ਇਸ ਮਸਲੇ ਤੇ ਪੱਖ ਸਪੱਸ਼ਟ ਹੋ ਜਾਂਦਾ ਹੈ। ਇਸ ਚਿੱਠੀ ਦੇ ਲੇਖਕ ਦੀ ਆਪਣੀ ਡਾਇਰੀ ਦਸਦੀ ਹੈ ਕਿ ਉਸਨੇ ਪਿਛਲੇ ਤਿੰਨ ਸਾਲਾਂ ਵਿਚ ਇਕ ਲੱਖ ਪੈਂਤੀ ਹਜ਼ਾਰ ਲੋਕਾਂ ਨੂੰ ਫਿਰਕੂ ਜਨੂੰਨੀਆਂ ਵਿਰੁਧ ਰੈਲੀਆਂ ਵਿਚ ਸੰਬੋਧਨ ਵੀ ਕੀਤਾ ਅਤੇ ਨਾਟਕ ਵੀ ਵਿਖਾਏ। ਇਹ ਸਾਰੀਆਂ ਰੈਲੀਆਂ ਕਮਿਊਨਿਸਟ ਇਨਕਲਾਬੀਆਂ ਦੀਆਂ ਅਵਾਮੀ ਜਥੇਬੰਦੀਆਂ ਨੇ ਹੀ ਜਥੇਬੰਦ ਕੀਤੀਆਂ ਸਨ। ਬਾਕੀ ਕੈਡਰ ਅਤੇ ਅਵਾਮੀ ਜਥੇਬੰਦੀਆਂ ਦੀਆਂ ਸਰਗਰਮੀਆਂ ਇਸ ਤੋਂ ਅਲਗ ਹਨ। ਗਿਣਤੀ ਦੇ ਛੇ ਸੱਤ ਸਾਬਕਾ ਨਕਸਲੀਆਂ (ਉਹ ਵੀ 1971-72 ਵਿਚ ਸਾਧਾਰਨ ਕੈਡਰ ਦੇ ਲੋਕ) ਦੀ ਦਰਬਾਰ ਸਾਹਿਬ ਵਿਚ ਹਾਜ਼ਰੀ ਇਕ ਦਮ ਨੋਟ ਕਰ ਲਈ ਗਈ ਪਰ ਹਜ਼ਾਰਾਂ ਦੀ ਗਿਣਤੀ ਵਿਚ ਨਕਸਲੀ ਕੈਡਰ ਜੋ ਪਿਛਲੇ ਸਾਲਾਂ ਵਿਚ ਫਿਰਕੂ ਜਨੂੰਨ ਵਿਰੁਧ ਦਿਨੋ ਰਾਤ ਸੰਘਰਸ਼ ਕਰਦਾ ਰਿਹਾ, ਇਹ ਇਹਨਾਂ ਪੱਤਰਕਾਰਾਂ ਦੇ ਨੋਟਿਸ ਵਿਚ ਕਿਧਰੇ ਨਹੀਂ ਆਇਆ।

ਮਰਹਮੀ ਛੋਹ ਪੱਖਵਾਦੀ ਪੱਤਰਕਾਰੀ ਨੇ ਨਹੀਂ ਲਗਾਣੀ। ਇਹ ਅਵਾਮ ਦੀ ਏਕਤਾ ਲਈ ਕੰਮ ਕਰ ਰਹੇ ਵਚਨਬਧ ਲੋਕਾਂ ਨੇ ਹੀ ਲਗਾਉਣੀ ਹੈ ਅਤੇ ਪੰਜਾਬ ਵਿਚ ਨਕਸਲੀ ਉਹਨਾਂ ਵਚਨਬਧ ਲੋਕਾਂ ਵਿਚ ਬੁਧੀਜੀਵਨ ਪੱਧਰ ਤੇ ਵੀ ਤੇ ਆਮ ਪੱਧਰ ਤੇ ਵੀ ਵਿਸ਼ੇਸ਼ ਥਾਂ ਰਖਦੇ ਹਨ।

—ਗੁਰਸ਼ਰਨ ਸਿੰਘ ਵਲੋਂ ਇੰਡੀਅਨ ਐਕਸਪ੍ਰੈਸ ਅਤੇ ਟਾਈਮਜ਼ ਆਫ਼ ਇੰਡੀਆ ਵੱਲ ਲਿਖੀਆਂ ਚਿੱਠੀਆਂ ਦੇ ਆਧਾਰ 'ਤੇ।

## 13. ਖੁਸ਼ਵੰਤ ਸਿੰਘ ਬਨਾਮ ਇੰਦਰਾ ਗਾਂਧੀ

ਮੇਰੇ ਕੋਲੋਂ ਪੁਛਿਆ ਜਾਂਦਾ ਹੈ ਕਿ ਮੈਂ ਆਪਣੇ ਪਦਮ ਭੂਸ਼ਨ ਦਾ ਖਿਤਾਬ ਕਿਉਂ ਵਾਪਸ ਕੀਤਾ ਹੈ ? ਇਹਦਾ ਸਿੱਧਾ ਜਵਾਬ ਹੈ ਕਿ ਹਰਮੰਦਰ ਸਾਹਿਬ ਦੇ ਕੰਪਲੈਕਸ ਵਿਚ ਕੀਤੀ ਫ਼ੌਜੀ ਕਾਰਵਾਈ ਦੇ ਵਿਰੁਧ ਰੋਸ ਵਿਚ ਇਹ ਕਦਮ ਚੁਕਿਆ ਹੈ। ਇਸ ਕਾਰਵਾਈ ਵਿਚ ਵਡੀ ਗਿਣਤੀ ਵਿਚ ਬੇਦੋਸ਼ੇ ਲੋਕ ਜਿਨਾਂ ਵਿਚ ਇਸਤਰੀਆਂ ਤੇ ਬਚੇ ਵੀ ਸ਼ਾਮਿਲ ਹਨ, ਮਾਰੇ ਗਏ ਹਨ। ਅਕਾਲ ਤਖਤ ਢਹਿ ਢੇਰੀ ਹੋ ਗਿਆ ਹੈ, ਜਿਸ ਵਿਚ ਸਾਡੇ ਗੁਰੂਆਂ ਦੇ ਹਥਿਆਰ ਸਨ, ਹੱਥ ਲਿਖਤ ਵਿਚ ਗੁਰੂ ਗਰੰਥ ਸਾਹਿਬ ਦੀਆਂ ਕਾਪੀਆਂ ਸਨ। ਸਿਖਾਂ ਦੀ ਬਹੁਤ ਵਡੀ ਗਿਣਤੀ ਐਸੇ ਲੋਕਾਂ ਦੀ ਸੀ, ਜਿਨਾਂ ਦਾ ਭਿੰਡਰਾਂਵਾਲਾ ਨਾਲ, ਅਕਾਲੀਆਂ ਨਾਲ ਜਾਂ ਕਿਸੇ ਵੀ ਸਿਆਸਤ ਨਾਲ ਕੋਈ ਤੁਅੱਲਕ ਨਹੀਂ ਸੀ ਪਰ ਹਰਿਮੰਦਰ ਸਾਹਿਬ ਨਾਲ ਹਰ ਇਕ ਸਿੱਖ ਦਾ ਤੁਅੱਲਕ ਹੈ। ਸਿੱਖ ਸਮਝਦੇ ਹਨ ਕਿ ਉਹਨਾਂ ਨੂੰ ਇਕ ਕਮਿਊਨਿਟੀ ਦੇ ਤੌਰ ਤੇ ਬੇ-ਇਜ਼ਤ ਕੀਤਾ ਗਿਆ ਹੈ, ਨੀਵਾਂ ਵਿਖਾਇਆ ਗਿਆ ਹੈ। ਉਹਨਾਂ ਨੂੰ ਰੋਸ ਹੈ, ਰੰਜਸ਼ ਹੈ ਅਤੇ ਇਸ ਰੰਜਸ਼ ਵਿਚ ਮੈਂ ਉਹਨਾਂ ਦੇ ਨਾਲ ਹਾਂ।

ਮੈਂ ਭਿੰਡਰਾਂਵਾਲਾ ਨੂੰ ਕਦੀ ਵੀ ਠੀਕ ਨਹੀਂ ਸਮਝਿਆ। ਪਰ ਮੈਂ ਇਹ ਨਹੀਂ ਸਮਝਦਾ ਕਿ ਇਕ ਭਿੰਡਰਾਂਵਾਲਾ ਤੋਂ ਛੁਟਕਾਰਾ ਪਾਉਣ ਲਈ ਡੇਢ ਕਰੋੜ ਲੋਕਾਂ ਦੇ ਜਜ਼ਬਾਤ ਨੂੰ ਇਸ ਤਰ੍ਹਾਂ ਠੇਸ ਪਹੁੰਚਾਈ ਜਾਣੀ ਜ਼ਰੂਰੀ ਸੀ। ਹੁਣ ਮੇਰਾ ਇਹ ਪੱਕਾ ਵਿਚਾਰ ਬਣ ਗਿਆ ਹੈ ਕਿ ਇੰਦਰਾ ਗਾਂਧੀ ਦਾ ਨਿਸ਼ਾਨਾ ਭਿੰਡਰਾਂਵਾਲਾ ਨਹੀਂ ਸੀ, ਸਗੋਂ ਉਹਦਾ ਨਿਸ਼ਾਨਾ ਸਿੱਖਾਂ ਦੀ ਅਣਖ ਅਤੇ ਵਕਾਰ ਸੀ। ਭਿੰਡਰਾਂਵਾਲਾ ਅਤੇ ਉਹਦੇ ਸਾਥੀਆਂ ਦੀ ਅਕਾਲ ਤਖਤ ਵਿਚ ਮੌਜੂਦਗੀ ਨੂੰ ਉਸ ਨੇ ਸਿੱਖਾਂ ਦੇ ਨੱਕ ਤੇ ਮੁੱਕਾ ਮਾਰਕੇ ਫੇਹਣ ਲਈ ਵਰਤਿਆ ਹੈ ਜਦਕਿ ਮੇਰਾ ਯਕੀਨ ਹੈ ਕਿ ਕਮਾਂਡੋ ਕਾਰਵਾਈ ਰਾਹੀਂ ਭਿੰਡਰਾਂ ਨੂੰ ਕਾਬੂ ਕੀਤਾ ਜਾ ਸਕਦਾ ਸੀ।

ਕੁਝ ਲਿਖਤਾਂ ਦਾ ਸਾਰੰਸ਼/ਖੁਸ਼ਵੰਤ ਸਿੰਘ

# ਜਸਵੰਤ ਕੰਵਲ ਦਾ ਮੁੱਲਅੰਕਣ

ਜਸਵੰਤ ਕੰਵਲ ਨੇ 1947 ਤੋਂ ਪਹਿਲਾਂ, ਅਠਾਰਾਂ-ਉਨੀਂ ਸਾਲ ਦੀ ਉਮਰ 'ਚ ਜਿਸ ਸਮੇਂ ਲਿਖਣਾ ਸ਼ੁਰੂ ਕੀਤਾ, ਉਸ ਸਮੇਂ ਤੋਂ ਕੁਝ ਦਹਾਕੇ ਪਹਿਲਾਂ, ਰੂਸ 'ਚ 1917 ਦਾ ਇਨਕਲਾਬ ਜਿੱਤ ਪਰਾਪਤ ਕਰ ਚੁੱਕਿਆ ਸੀ। ਚੀਨੀ ਇਨਕਲਾਬ ਆਪਣੀ 1949 ਵਾਲੀ ਜਿੱਤ ਵਲ ਵੱਧ ਰਿਹਾ ਸੀ। ਬਰਤਾਨਵੀ ਸਾਮਰਾਜ ਅਤੇ ਉਹਨਾਂ ਦੇ ਇਥੋਂ ਦੇ ਜੀ-ਹਜ਼ੂਰੀਆਂ ਖਿਲਾਫ ਭਾਰਤ ਦੇ ਇਨ-ਕਲਾਬੀ ਲੋਕਾਂ ਦੀ ਲਹਿਰ ਚੱਲ ਰਹੀ ਸੀ। ਖੁਦ ਕੰਵਲ ਦੇ ਪਿੰਡ ਢੁੱਡੀਕਿਆਂ ਦਾ ਲਾਲਾ ਲਾਜਪਤ ਰਾਏ ਬਰਤਾ-ਨੀਆਂ ਦੀਆਂ ਡਾਂਗਾਂ ਨਾਲ ਸ਼ਹਾਦਤ ਪ੍ਰਾਪਤ ਕਰ ਚੁੱਕਿਆ ਸੀ। ਇਹ-ਕੌਮੀ ਅਤੇ ਕੌਮਾਂਤਰੀ ਸਥਿਤੀ ਪਰੰਤੂ ਕੰਵਲ ਦਾ ਲਿਖਣ-ਸਰੋਤ ਨਹੀਂ ਸੀ ਬਣੀ। ਇਸ ਤੋਂ ਉਲਟ ਕੰਵਲ ਨੇ ਤਾਂ ਉਸ ਸਮੇਂ ਵਾਰੇ-ਸ਼ਾਹ ਦੇ ਰੁਮਾਂਸਵਾਦੀ ਕਿੱਸੇ ਹੀਰ ਅਤੇ ਸਿੱਖ ਧਰਮ ਤੋਂ ਪ੍ਰਭਾਵਤ ਹੋ ਕੇ ਲਿਖਣਾ ਸ਼ੁਰੂ ਕੀਤਾ। ਉਸ ਦੇ ਅਧਿਆਤਮਵਾਦੀ ਨਜ਼ਰੀਏ ਉਤੇ ਮਾਰਕਸਵਾਦੀ ਫਿਲਾਸਫੀ ਦਾ ਪ੍ਰਭਾਵ ਤਾਂ 1947 ਤੋਂ ਬਾਦ ਹੀ ਪੈਣਾ ਸ਼ੁਰੂ ਹੋਇਆ। ਪਰ ਇਹ ਪ੍ਰਭਾਵ ਉਸ ਦੇ ਨਜ਼ਰੀਏ ਉਤੇ ਉਸ ਪੱਧਰ ਤੱਕ ਨਹੀਂ ਪਿਆ, ਜਿਸ ਪ੍ਰਭਾਵ ਦੇ ਫਲਸਰੂਪ, ਉਸ ਦੇ ਨਜ਼ਰੀਏ ਦੀ ਅਧਿਆਤਮ-ਵਾਦ ਤੋਂ ਮੁਕਤੀ ਹੋ ਗਈ ਹੋਵੇ। ਪਰ ਫੇਰ ਵੀ ਇਸ ਪ੍ਰਭਾਵ ਦੇ ਅਧੀਨ, ਉਸਨੇ ਕੁਝ ਨਾਂ ਕੁਝ ਹਾਂ ਪੱਖੀ ਦਿਸ਼ਾ ਵਲ ਕਦਮ ਪੁੱਟੇ ਹਨ। ਕੰਵਲ ਦੀਆਂ ਅਧਿਆਤਮਵਾਦੀ ਧਾਰਨਾਵਾਂ ਨੂੰ ਵਿਸ਼ਲੇਸ਼ਣਾਤਮਕ ਪੱਖੋਂ ਲੈਣ ਤੋਂ ਪਹਿਲਾਂ, ਆਉ ! ਉਸ ਦੇ ਹਾਂ-ਪੱਖਾਂ ਉਤੇ ਝਾਤ ਮਾਰੀਏ।

**ਹਾਂ-ਪੱਖ** ਜਿਥੋਂ ਤੱਕ ਕੰਵਲ ਦੇ ਲੋਕਾਂ ਨਾਲ ਖੜ੍ਹਨ ਦੇ ਅਹਿਸਾਸ ਦਾ ਤੁਅੱਲਕ ਹੈ, ਇਹ ਵਾਕਿਆ ਹੀ ਸੁਲਾਹਾਉਣ ਯੋਗ ਹੈ। ਉਸ ਨੇ ਇਸੇ ਅਹਿਸਾਸ ਦੇ ਅਧੀਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਨੌਕਰੀ (1947 ਦੇ ਲੱਗ-ਭੱਗ ਕੰਵਲ ਸ਼ਰੋਮਣੀ ਗੁਰਦਵਾਰਾ ਪ੍ਰਬੰਧਕੀ ਕਮੇਟੀ ਦੀ ਨਿਗਰਾਨੀ ਹੇਠਲੇ ਧਾਰਮਿਕ ਸਕੂਲਾਂ ਦੇ ਸਿਲੇਬਸ ਦੀਆਂ ਪੁਸਤਕਾਂ ਲਿਖਣ ਦੀ ਨੌਕਰੀ ਕਰਦਾ ਹੁੰਦਾ ਸੀ।) ਤੋਂ ਅਸਤੀਫਾ ਦੇ ਕੇ ਆਪਣੇ ਆਪ ਨੂੰ ਕਮਿਊਨਿਸਟ ਲਹਿਰ ਦੇ ਹਮਦਰਦਾਂ ਦੇ ਕਾਫਲੇ 'ਚ ਸ਼ਾਮਲ ਕੀਤਾ। ਪੰਜਾਬ ਅੰਦਰਲੀ ਕਮਿਊਨਿਸਟ ਲਹਿਰ ਨੇ ਜਦ ਆਪਣੇ ਆਪ ਨੂੰ ਲਾਲ ਪਾਰਟੀ ਦੇ ਹਖਿਆਰਬੰਦ ਘੋਲ ਤੱਕ ਵਿਕਸਤ ਕੀਤਾ ਤਾਂ ਕੰਵਲ ਵੀ ਪਿੱਛੇ ਨਾ ਰਿਹਾ। ਉਸਨੇ 'ਭਵਾਨੀ' ਅਤੇ 'ਰਾਤ-ਬਾਕੀ ਹੈ' ਨਾਵਲ ਜਿਹੇ ਸਾਹਿਤ ਦੀ ਸਿਰਜਣਾ ਕੀਤੀ ਜਿਹੜਾ ਸਾਹਿਤ ਲਾਲ ਪਾਰਟੀ ਦੇ ਘੋਲ ਨਾਲ ਸੰਬੰਧਤ ਹੈ। ਤੇ ਜਦ ਪੰਜਾਬ ਅਦਰਲੀ ਕਮਿਊਨਿਸਟ ਲਹਿਰ ਦੇ ਇਕ ਹਿਸੇ ਨੇ ਆਪਣੇ ਆਪ ਨੂੰ ਨਕਸਲਬਾੜੀ ਦੀ ਹਥਿਆਰਬੰਦ ਬਗਾਵਤ ਨਾਲ ਜੋੜਿਆ ਤਾਂ ਕੰਵਲ ਨੇ ਇਸ ਬਗਾਵਤ ਦਾ ਗੁਣ-ਗਾਣ ਕਰਨਾ ਸ਼ੁਰੂ ਕੀਤਾ। ਉਸ ਨੇ ਇਸ ਬਗਾਵਤ ਸੰਬੰਧੀ 'ਲਹੂ ਦੀ ਲੋਅ' ਨਾਵਲ ਜਿਹੇ ਸਾਹਿਤ ਦੀ ਸ਼ਿਰਜਣਾ ਕੀਤੀ। ਇਸ ਨਾਵਲ ਨੂੰ ਸਰਕਾਰ ਵਲੋਂ ਦਿੱਤੇ ਜਾਣ ਵਾਲੇ ਇਨਾਮ ਨੂੰ ਠੁਕਰਾਕੇ, ਲੋਕ-ਪੱਖੀ ਲੇਖਕ ਦਾ ਬਣਦਾ ਫਰਜ਼ ਨਿਭਾਇਆ। ਇਹ ਨੁਕਤਾ ਵੱਖਰਾ ਹੈ ਕਿ ਅੱਜ ਜਦ ਕੌਮਾਂਤਰੀ ਅਤੇ ਕੌਮੀ ਕਮਿਊਨਿਸਟ ਲਹਿਰ ਨੂੰ ਨਵੀਆਂ ਸਮੱਸਿਆਵਾਂ ਅਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਕੰਵਲ, ਲੋਕਾਂ ਨਾਲ ਖੜ੍ਹਨ ਦੀ ਅਧਿਆਤਮਵਾਦੀ ਧਾਰਨਾ ਕਾਰਨ, 'ਮੋੜਾ' ਨਾਵਲ ਜਿਹੇ ਸਾਹਿਤ ਦੀ ਸਿਰਜਣਾ ਕਰਨ ਵਲ ਮੋੜਾ ਕੱਟ ਗਿਆ ਹੈ। ਉਸ ਦੀ ਲੋਕਾਂ ਨਾਲ ਖੜ੍ਹਨ ਦੀ ਧਾਰਨਾ ਬਾਰੇ ਅੱਗੇ ਚੱਲ ਕੇ ਵਿਚਾਰ ਕਰਾਂਗੇ।

ਕੰਵਲ ਨੇ ਆਪਣੀਆਂ ਰਚਨਾਵਾਂ 'ਚ, ਕਿਰਤੀ ਜਮਾਤਾਂ ਦੀ ਹੋ ਰਹੀ ਲੁੱਟ-ਖਸੁੱਟ ਨੂੰ, ਬਲੈਕ ਦੇ ਧੰਦੇ ਨੂੰ, ਕਿਰਤੀ ਜਮਾਤਾਂ ਦੀਆਂ ਲਹਿਰਾਂ ਉਤੇ, ਗੁੰਡਿਆਂ ਅਤੇ ਪੁਲੀਸ ਵਲੋਂ ਢਾਹੇ ਜਾ ਰਹੇ ਜਬਰ ਨੂੰ, ਰਿਸ਼ਵਤ ਖੋਰੀ ਅਤੇ ਭਰਿਸ਼ਟਾਚਾਰੀ ਨੂੰ ਅਤੇ ਇਹੋ ਜਿਹੇ ਹੋਰ ਸਮਾਜਿਕ ਵਰਤਾਰਿਆਂ ਨੂੰ ਬੇਨਕਾਬ ਕਰਨ ਦੇ ਜਿਹੜੇ ਵੀ ਯਤਨ ਕੀਤੇ ਹਨ, ਉਹ ਹਾਂ-ਪੱਖੀ ਯਤਨ ਹਨ।

ਮਰਦ ਅਤੇ ਔਰਤ ਦੇ ਜਗੀਰੂ ਕਦਰਾਂ-ਕੀਮਤਾਂ ਉਤੇ ਆਧਾਰਤ ਸੰਬੰਧਾਂ 'ਚ ਚੱਲ ਰਹੀ ਟੁੱਟ-ਭੱਜ ਨੂੰ ਅਤੇ ਬੁਰਜੂਆ ਕਦਰਾਂ-ਕੀਮਤਾਂ ਉਤੇ ਆਧਾਰਤ ਸੰਬੰਧਾਂ ਲਈ ਪੈਦਾ ਹੋ ਰਹੀਆਂ ਖਾਹਿਸ਼ਾਂ ਨੂੰ ਕੰਵਲ ਨੇ ਆਪਣੀਆਂ ਲਿਖਤਾਂ 'ਚ ਅਸ਼ਲੀਲ ਨੁਕਤੇ 'ਤੋਂ ਪੇਸ਼ ਨਹੀਂ ਕੀਤਾ। ਉਸ ਦਾ ਇਹ ਕੁਝ ਨਾ ਕੁਝ ਵਧੀਆ ਪੱਖ ਹੈ। ਇਹਨਾਂ ਸੰਬੰਧਾਂ ਨੂੰ ਪੇਸ਼ ਕਰਨ ਦੌਰਾਨ ਉਸ ਨੇ ਜਿਹੜਾ ਰੁਮਾਂਟਿਕ ਪੱਖ ਨੂੰ ਜਮਾਤੀ-ਜਦੋ ਜਹਿਦ ਦੇ ਪੱਖ ਦੇ ਉੱਪਰ ਦੀ ਕੀਤਾ, ਇਹ ਨੁਕਤਾ ਨਿਰਸੰਦੇਹ ਪੜਤਾਲ ਦੀ ਮੰਗ ਕਰਦਾ ਹੈ। ਇਸ ਨੁਕਤੇ ਬਾਰੇ ਅੱਗੇ ਚੱਲ ਕੇ ਵਿਚਾਰ ਕਰਾਂਗੇ।

ਜਿਥੋਂ ਤੱਕ ਕੰਵਲ ਨੇ ਪੰਜਾਬ ਅੰਦਰਲੀ ਮੱਧ-ਸ੍ਰੇਣੀ ਦੀ ਬੋਲੀ ਨੂੰ ਆਪਣੀਆਂ ਲਿਖਤਾਂ 'ਚ ਕਲਾਤਮਕ ਪੱਖੋਂ ਪੇਸ਼ ਕੀਤਾ ਹੈ ਅਤੇ ਇਸ ਨੂੰ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਇਹ ਨਿਰ ਸੰਦੇਹ ਵਧੀਆ ਕੋਸ਼ਿਸ਼ਾਂ ਹਨ। ਕੰਵਲ ਦੇ ਉਪਰੋਕਤ ਕਿਸਮ ਦੇ ਹਾਂ ਪੱਖਾਂ ਨੂੰ ਅੱਖੋਂ ਉਹਲੇ ਕਰਕੇ ਕੰਵਲ ਦਾ ਮੁੱਲਅੰਕਣ ਕਰਨਾ,

ਕੰਵਲ ਨਾਲ ਬੇਇਨਸਾਫੀ ਤਾਂ ਹੋਵੇਗੀ ਅਤੇ ਨਾਲ ਦੀ ਨਾਲ ਮੁੱਲਅੰਕਣ ਦੀ ਵਿਧੀ ਨਾਲ ਬੇਇਨਸਾਫ਼ੀ ਹੋਵੇਗੀ।

**੦ਲੋਕਾਂ ਨਾਲ ਖੜ੍ਹਨ ਦੀ ਅਧਿਆਤਮਵਾਦੀ ਧਾਰਨਾ**

ਕੰਵਲ ਦੀ ਲੋਕਾਂ ਨਾਲ ਖੜ੍ਹਨ ਦੀ ਧਾਰਨਾ ਇਹ ਹੈ "ਸਹੀ ਮੰਗਾਂ ਪਿੱਛੇ ਲੋਕਾਂ ਨੇ ਜਾਣੈਂ। ਜੇ ਲੇਖਕ ਨੇ ਲੋਕਾਂ ਨਾਲ ਨਹੀਂ ਜਾਣਾ ਤਾਂ ਉਹ ਲੋਕਾਂ ਨਾਲੋਂ ਟੁੱਟ ਜਾਊ। ਨਿਰਾ ਪਾਰਟੀ ਨਾਲ ਖੜ੍ਹਾ ਰਹੂ। ਪਾਰਟੀ ਵੀ ਉਹ ਜਿਸ ਤੋਂ ਕੁਝ ਹੋ ਨਹੀਂ ਰਿਹਾ। ਲੋਕ ਜੇ ਗਲਤ ਵੀ ਕਰਦੇ ਨੇ ਤਾਂ ਵੀ ਲੇਖਕ ਨੂੰ ਲੋਕਾਂ ਨਾਲ ਖੜ੍ਹਨਾ ਚਾਹੀਦੈ।" [17.4.84 ਨੂੰ ਕ: ਸ: ਪ: ਦੇ ਨੁਮਾਂਇੰਦਿਆਂ ਵਲੋਂ ਕੰਵਲ ਨਾਲ ਕੀਤੀ ਗਈ ਮੁਲਾਕਾਤ 'ਚੋਂ] ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਠੀਕ ਮੰਗਾਂ ਦੀ ਲਾਲਸਾ ਅਧੀਨ ਰਾਜਨੀਤੀ ਵਲੋਂ ਅਨਭੋਲ ਲੋਕ, ਆਪ-ਮੁਹਾਰਤਾ ਦਾ ਸ਼ਿਕਾਰ ਹੋ, ਗਲਤ ਰਾਜਨੀਤਕ ਪਾਰਟੀਆਂ ਵਲ ਖਿੱਚੇ ਜਾਂਦੇ ਹਨ। ਇਸ ਗੱਲ 'ਚ ਵੀ ਕੋਈ ਸ਼ੱਕ ਨਹੀਂ ਕਿ ਲੁੱਟੇਰੀਆਂ ਜਮਾਤਾਂ ਦੇ ਗੁੱਟ, ਆਪਣੀ ਅੰਦਰੂਨੀ ਵਿਰੋਧਤਾਈ ਕਾਰਨ ਇੱਕ ਦੂਸਰੇ ਨੂੰ ਠਿੱਬੀ ਲਾਉਣ ਅਤੇ ਜਮਾਤੀ-ਜਦੋਜਹਿਦ ਨੂੰ ਪ੍ਰੋਲੇਤਾਰੀ ਦੀ ਲੀਹ ਤੋਂ ਥਿੜਕਾਉਣ ਦੇ ਮਨੋਰਥ ਅਧੀਨ ਖੁਦ ਆਪ ਵੀ ਠੀਕ ਮੰਗਾਂ ਦੇ ਆਧਾਰ ਉਤੇ ਅਨਭੋਲ ਲੋਕਾਂ ਨੂੰ ਲਾਮਬੰਦ ਕਰਨ ਅਤੇ ਘੋਲ ਲੜਨ ਦਾ ਡਰਾਮਾ ਰਚਦੇ ਹਨ। ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੇਖਕ ਨੂੰ ਇਸ ਡਰਾਮੇ ਦੇ ਖੋਟ ਨੂੰ ਬੇਪੜਦ ਕਰਨ ਲਈ ਅਤੇ ਆਪ ਮੁਹਾਰਤਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਲੁਟੇਰੀਆਂ ਜਮਾਤਾਂ ਦੇ ਗੁੱਟਾਂ ਦੇ ਪੰਜਿਆਂ ਵਿਚੋਂ ਕੱਢ ਕੇ ਪ੍ਰੋਲੇਤਾਰੀ ਲੀਹ ਉਤੇ ਲਿਆਉਣ ਲਈ ਲੋਕਾਂ ਨਾਲ ਖੜਨਾ ਚਾਹੀਦਾ ਹੈ? ਜਾਂ ਠੀਕ ਮੰਗਾਂ ਦੇ ਨਾਂ ਹੇਠ, ਹਾਕਮ ਜਮਾਤਾਂ ਦੇ ਗੁੱਟਾਂ ਵਲੋਂ ਖੇਡੇ ਜਾਣ ਵਾਲੇ ਡਰਾਮੇ ਦੇ ਦਰਸ਼ਕ ਵਜੋਂ ਲੋਕਾਂ ਨਾਲ ਖੜ੍ਹਨਾ ਚਾਹੀਦਾ ਹੈ? ਇਹੋ ਜਿਹੇ ਡਰਾਮਿਆਂ ਦਾ ਅੰਤ ਕਿਹੋ—ਜਿਹਾ ਹੁੰਦਾ ਹੈ? ਇਸ ਨੂੰ ਸਮਝਣ ਲਈ ਰੂਸੀ ਜ਼ਾਰਸ਼ਾਹੀ ਦੇ ਏਜੰਟ ਗੈਪਾਂਨ ਪਾਦਰੀ ਦੇ ਪੈਰੋਂ ਰੂਸ 'ਚ ਵਾਪਰੇ ਖੂਨੀ ਐਤਵਾਰ, ਬਰਤਾਨਵੀ ਸਾਮਰਾਜ ਦੇ ਏਜੰਟ ਗਾਂਧੀ, ਨਹਿਰੂ, ਜਿਨਾਹ ਜੁੰਡਲੀ ਦੇ ਪੈਰੋਂ, 15 ਅਗਸਤ 1947 ਨੂੰ ਭਾਰਤੀ ਲੋਕਾਂ ਨਾਲ ਹੋਈ ਠੱਗੀ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕੀ ਕਮੇਟੀ ਦੇ ਧਰਮ-ਯੁੱਧ ਦੇ ਪੈਰੋਂ, ਜੋਰ ਫੜ ਰਹੀ ਭਰਾ-ਮਾਰ ਲੜਾਈ ਉਤੇ ਝਾਤ ਮਾਰੀ ਜਾ ਸਕਦੀ ਹੈ। ਲੋਕਾਂ ਨਾਲ ਲੇਖਕ ਨੂੰ ਉਸੇ ਤਰ੍ਹਾਂ ਹੀ ਖੜ੍ਹਨਾ ਚਾਹੀਦਾ ਹੈ ਜਿਵੇਂ ਮੁਨਸ਼ੀ ਪ੍ਰੇਮ ਚੰਦ ਉਸ ਸਮੇਂ ਲੋਕਾਂ ਨਾਲ ਖੜ੍ਹਾ ਸੀ ਜਿਸ ਸਮੇਂ ਗਾਂਧੀ—ਜਿਨਾਹ ਜੁੰਡੀ ਭਾਰਤ ਦੇ ਭੋਲੇ-ਭਾਲੇਨਹਿਰੂ ਲੋਕਾਂ ਨੂੰ 'ਪੂਰਨ ਅਜ਼ਾਦੀ' ਜਿਹੇ ਸ਼ਬਦੀ ਵਾਕ ਅੰਸ਼ਾਂ ਨਾਲ ਗੁੰਮਰਾਹ ਕਰ ਰਹੀ ਸੀ। ਮੁਨਸ਼ੀ ਪ੍ਰੇਮ ਚੰਦ ਨੇ 1936 'ਚ ਆਪਣੀ 'ਅਹੂਤੀ' ਕਹਾਣੀ 'ਚ ਉਹਨਾਂ ਦੇ ਸ਼ਬਦੀ ਵਾਕ ਅੰਸ਼ਾਂ ਦਾ ਪਰਦਾ ਫਾਸ਼ ਕਰਦਿਆਂ ਲਿਖਿਆ ਸੀ "ਮੁਕੰਮਲ ਅਜ਼ਾਦੀ ਦੇ ਦਾਅਵੇ ਝੂਠੇ ਹਨ। ਦਰਅਸਲ ਕਾਂਗਰਸ ਹਾਈ ਕਮਾਂਡ ਜੌਹਨ ਦੀ ਥਾਂ ਗੋਬਿੰਦ ਨੂੰ ਗੱਦੀ ਉੱਤੇ ਬਿਠਾਉਣਾ ਚਾਹੁੰਦੀ ਹੈ।" ਮੁਨਸ਼ੀ ਪ੍ਰੇਮ ਚੰਦ ਦੀ ਲੋਕਾਂ ਨਾਲ ਖੜ੍ਹਨ ਦੀ ਇਸ ਵਿਗਿਆਨਕ ਧਾਰਨਾ ਤੋਂ ਉਲਟ ਕੰਵਲ ਦੀ, ਠੀਕ ਮੰਗਾਂ ਦੇ ਨਾਂ ਹੇਠ, ਗਲਤ ਰਾਜਨੀਤਕ ਪਾਰਟੀ ਦੇ ਡਰਾਮੇ ਦਾ ਗੁਣ-ਗਾਣ ਕਰਨ ਵਾਲੀ ਧਾਰਨਾ, ਲੋਕਾਂ ਨਾਲ ਖੜ੍ਹਨ ਦੀ ਅਧਿਆਤਮਵਾਦੀ ਧਾਰਨਾ ਹੈ।

**੦ਸਿਖ ਇਤਿਹਾਸ ਦੇ ਖਾੜਕੂ ਤੱਤ ਨੂੰ ਵਰਤਮਾਨ ਜਮਾਤੀ-ਜਦੋ ਜਹਿਦ ਦੇ ਹਿਤ 'ਚ ਇਸਤੇਮਾਲ ਕਰਨ ਦੀ ਅਧਿਆਤਮਕਵਾਦੀ ਧਾਰਨਾ**

ਕੰਵਲ ਨਿਰਸੰਦੇਹ ਮੰਨਦਾ ਤਾਂ ਇਹ ਹੈ ਕਿ ਸਮਾਜੀ-ਸਾਇੰਸ, ਅਰਥਾਤ, ਵਿਰੋਧ ਵਿਕਾਸੀ ਇਤਿਹਾਸਕ ਪਦਾਰਥਵਾਦ ਦੀ ਰੌਸ਼ਨੀ 'ਚ, ਇਤਿਹਾਸ ਦੇ ਖਾੜਕੂ ਤੱਤ ਨੂੰ ਵਰਤਮਾਨ ਜਮਾਤੀ-ਜਦੋ ਜਹਿਦ ਦੇ ਹਿਤ ਲਈ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਮਾਰਕਸਵਾਦੀ ਧਾਰਨਾ ਨੂੰ ਕੰਵਲ ਦੇ ਮੰਨਣ ਦਾ ਜਿਥੋਂ ਤੱਕ ਤੁਅੱਲਕ ਹੈ, ਉਥੋਂ ਤੱਕ ਅਸੀਂ ਉਸ ਨਾਲ ਸਹਿਮਤ ਹਾਂ। ਪਰ ਉਸ ਦਾ ਜਿਥੋਂ ਤੱਕ ਇਸ ਧਾਰਨਾ ਨੂੰ ਅਮਲ 'ਚ ਲਾਗੂ ਕਰਨ ਦਾ ਸੰਬੰਧ ਹੈ, ਉਥੋਂ ਤੱਕ ਅਸੀਂ ਕੰਵਲ ਨਾਲ ਅਸਹਿਮਤ ਹਾਂ। ਕਿਉਂਕਿ ਇਸ ਧਾਰਨਾ ਅਨੁਸਾਰ ਅਮਲ ਕਰਨ ਦੌਰਾਨ ਉਹ ਇਸ ਧਾਰਨਾ ਨੂੰ ਸਿਰ ਪਰਨੇ ਖੜ੍ਹੀ ਕਰ ਦਿੰਦਾ ਹੈ, ਅਰਥਾਤ ਸਿੱਖ ਇਤਿਹਾਸ ਨੂੰ ਸਮਾਜੀ ਸਾਇੰਸ ਦਾ ਦਰਜਾ ਦੇਣ ਤੱਕ ਚਲਾ ਜਾਂਦਾ ਹੈ। ਉਹ ਆਪਣੇ 'ਮੋੜਾ' ਨਾਵਲ ਦੇ ਪੰਨਾ 79 ਉਤੇ ਲਿਖਦਾ ਹੈ— "ਇਤਿਹਾਸ ਹੋ ਚੁੱਕਾ ਤਜਰਬਾ ਹੈ। ਦੂਜੇ, ਅਸੀਂ ਸੱਜਰੇ ਸਿਖ ਇਨਕਲਾਬ ਵਿੱਚੋਂ ਨਿਕੱਲੇ ਆਂ। ਅਸੀਂ ਉਸ ਦੀ ਰੌਸ਼ਨੀ 'ਚ ਨਵਾਂ ਤਜਰਬਾ ਕਰਨਾ ਹੈ।" ਕੰਵਲ ਦੀ ਇਹ ਧਾਰਨਾ ਹਕੀਕਤ ਨਾਲ ਉੱਕਾ ਮੇਲ ਨਹੀਂ ਖਾਂਦੀ। ਕਿਉ ਕਿ ਪਹਿਲੀ ਗੱਲ ਸਿਖ ਇਨਕਲਾਬ ਸੱਜਰਾ ਤਜਰਬਾ ਨਹੀਂ ਸਗੋਂ ਇੱਕ ਸਦੀ ਪਹਿਲਾਂ ਦਾ, ਜਗੀਰੂ ਯੁੱਗ ਦੌਰਾਨ ਦਾ ਤਜਰਬਾ ਹੈ। ਸਿਖ ਇਨਕਲਾਬ ਤੋਂ ਬਾਦ ਤਾਂ ਕੂਕਾ, ਬਬਰ ਅਕਾਲੀ ਅਤੇ ਗਦਰ ਲਹਿਰਾਂ ਜਿਹੀਆਂ ਲਹਿਰਾਂ ਚੱਲ ਚੁੱਕੀਆਂ ਹਨ। ਕਿਰਤੀ ਪਾਰਟੀ ਅਤੇ ਸਮਾਜਵਾਦੀ ਰਿਪਬਲੀਕਨ ਆਰਮੀ (ਭਗਤ ਸਿੰਘ ਹੋਰਾਂ ਦੀ ਜਥੇਬੰਦੀ) ਜਿਹੀਆਂ ਜਥੇਬੰਦੀਆਂ ਦੇ ਘੋਲ ਚੱਲ ਚੁੱਕੇ ਹਨ। ਮਾਰਕਸਵਾਦ-ਲੈਨਿਨਵਾਦੀ ਦੇ ਪ੍ਰਭਾਵ ਅਧੀਨ ਲਾਲ ਪਾਰਟੀ ਦਾ ਹਥਿਆਰਬੰਦ ਘੋਲ, ਰੇਲਵੇ ਮਜ਼ਦੂਰਾਂ ਦੀ ਇਤਿਹਾਸਕ ਹੜਤਾਲ ਅਤੇ ਖੁਸ਼ ਹੈਸੀਅਤੀ

ਟੈਕਸ ਵਿਰੋਧੀ ਘੋਲ ਜਿਹੇ ਘੋਲ ਚੱਲ ਚੁੱਕੇ ਹਨ। ਮਾਰਕਸਵਾਦ-ਲੈਨਿਨਵਾਦ ਅਤੇ ਮਾਉ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਨਕਸਲਬਾੜੀ ਬਗਾਵਤ ਉੱਠ ਚੁੱਕੀ ਹੈ। ਪੰਜਾਬ ਦੇ ਲੋਕਾਂ ਲਈ ਸਿਖ ਇਨਕਲਾਬ ਸੱਜਰਾ ਤਜਰਬਾ ਨਹੀਂ ਸਗੋਂ ਇਹਨਾਂ ਖਾੜਕੂ ਲਹਿਰਾਂ ਦਾ ਤਜਰਬਾ ਸੱਜਰਾ ਹੈ। ਨਕਸਲਵਾੜੀ ਜਿਹੀਆਂ ਲਹਿਰਾਂ ਦੇ ਸੱਜਰੇ ਤਜਰਬੇ ਨੂੰ ਰੂਸੀ-ਚੀਨੀ ਇਨਕਲਾਬਾਂ ਦੀ ਅਸਫਲਤਾ ਦੇ ਪਰਸੰਗ 'ਚ ਰੱਖ ਕੇ, ਮਾਰਕਸਵਾਦ-ਲੈਨਿਨਵਾਦ ਦੀ ਰੋਸ਼ਨੀ ਰਾਹੀਂ, ਇਸ ਸੱਜਰੇ ਤਜਰਬੇ ਤੋਂ ਸਿੱਖਿਆ ਜਾ ਸਕਦਾ ਹੈ। ਨਾਂ ਕਿ ਇੱਕ ਸਦੀ ਪਹਿਲਾਂ ਹੋਏ ਸਿੱਖ ਇਨਕਲਾਬ ਦੇ ਤਜਰਬੇ ਤੋਂ ਸਿੱਖਿਆ ਜਾ ਸਕਦਾ ਹੈ।

ਸਿੱਖ ਇਨਕਲਾਬ ਦੇ ਤਜਰਬੇ ਨੂੰ ਅਜੋਕੇ ਸਾਮਰਾਜਵਾਦੀ ਪ੍ਰਬੰਧ ਨੂੰ ਸਮਝਣ ਲਈ ਅਤੇ ਇਸ ਪ੍ਰਬੰਧ ਨੂੰ ਖਤਮ ਕਰਨ ਲਈ, ਰਾਹ ਦਰਸਾਵੇ ਦੀ ਹੈਸੀਅਤ 'ਚ ਪੇਸ਼ ਕਰਨ ਦਾ ਨੁਕਤਾ ਨਿਰੋਲ ਅਧਿਆਤਮਵਾਦੀ ਹੈ, ਕਿਉਂ ਕਿ ਪੰਜਾਬ ਦੀ ਜਿਹੜੀ ਸਥਿਤੀ ਸਿੱਖ ਇਨਕਲਾਬ ਸਮੇਂ ਸੀ, ਉਸ ਸਥਿਤੀ ਨਾਲੋਂ ਅੱਜ ਦੀ ਸਥਿਤੀ 'ਚ ਸਿਫਤੀ ਤੌਰ ਤੇ ਤਬਦੀਲੀ ਆ ਚੁਕੀ ਹੈ। ਇਸ ਸਥਿਤੀ ਵਿਚ ਉਸ ਤਰ੍ਹਾਂ ਦਾ ਪ੍ਰੋਗਰਾਮ, ਯੁਧਨੀਤੀ ਅਤੇ ਦਾਅਪੇਚ ਨਹੀਂ ਘੜੇ ਜਾ ਸਕਦੇ ਜਿਹੜੇ ਉਸ ਸਥਿਤੀ 'ਚ ਘੜੇ ਗਏ ਸਨ। ਅਜੋਕੇ ਯੁਗ 'ਚ ਮਿਹਨਤਕਸ਼ਾਂ ਦੀ ਏਕਤਾ ਅਰਥਾਤ ਸਾਂਝਾ ਮੋਰਚਾ, ਸਿਖ ਧਰਮ ਦੇ ਆਧਾਰ ਤੇ ਕਦਾਚਿਤ ਨਹੀਂ ਬਣਾਇਆ ਜਾ ਸਕਦਾ, ਸਗੋਂ ਇਹ ਤਾਂ ਮਾਰਕਸਵਾਦ-ਲੈਨਿਨਵਾਦ ਦੀ ਰੋਸ਼ਨੀ 'ਚ ਹੀ ਪ੍ਰੋਲਤਾਰੀ ਜਮਾਤ ਦੀ ਪਾਰਟੀ ਦੀ ਅਗਵਾਈ ਹੇਠ ਬਣਾਇਆ ਜਾ ਸਕਦਾ ਹੈ। ਕੰਵਲ ਦੀ ਧਾਰਨਾ ਸਿਖ ਇਤਿਹਾਸ ਦੇ ਖਾੜਕੂ ਤੱਤ ਨੂੰ ਇਸਤੇਮਾਲ ਕਰਨ ਦੀ ਥਾਂ ਰਾਹ ਦਰਸਾਵੇ ਵਜੋਂ ਲੈਣ ਵਾਲੀ ਅਧਿਆਤਮਵਾਦੀ ਧਾਰਨਾ ਹੈ। ਇਸ ਧਾਰਨਾ ਅਨੁਸਾਰ ਕੰਵਲ, ਸਿੱਖ ਇਤਿਹਾਸ ਨੂੰ ਮੁੜ ਸੁਰਜੀਤ ਕਰਨ ਲਈ ਤਾਂ ਕਾਰਗਰ ਸਿਧ ਹੋ ਸਕਦਾ ਹੈ ਪਰ ਅਜੋਕੀ ਸਥਿਤੀ ਨਾਲ ਪੂਰਨ ਇਨਸ਼ਾਫ ਨਹੀਂ ਕਰ ਸਕਦਾ। ਕੰਵਲ ਦੀ ਇਸ ਧਾਰਨਾ ਦੇ ਭਰੂਣ ਉਸ ਦੀਆਂ ਪਹਿਲੀਆਂ ਲਿਖਤਾਂ, ਅਰਥਾਤ 'ਅਸਤੀਫਾ' ਅਤੇ 'ਮਾਈ ਦਾ ਲਾਲ' ਜਿਹੀਆਂ ਕਹਾਣੀਆਂ ਅਤੇ 'ਲਹੂ ਦੀ ਲੋਅ' ਅਤੇ 'ਮਨੁੱਖਤਾ' ਜਿਹੇ ਨਾਵਲ ਵਿਚ ਵੀ ਵੇਖਣ ਨੂੰ ਮਿਲਦੇ ਹਨ। ਪਰ ਇਹ ਭਰੂਣ 'ਮੋੜਾ' ਨਾਵਲ 'ਚ ਤਾਂ ਸਿਫਤੀ ਤੌਰ ਤੇ ਆਪਣਾ ਰੂਪ ਤਬਦੀਲ ਕਰ, ਬਾਕਾਇਦਾ ਧਾਰਨਾ ਦਾ ਰੂਪ ਅਖਤਿਆਰ ਕਰ ਗਏ ਹਨ।

### ੦ਸਭਿਆਚਾਰ ਦੇ ਵਿਕਾਸ ਬਾਰੇ ਅਧਿਆਤਮਵਾਦੀ ਧਾਰਨਾ

ਸਭਿਆਚਾਰ ਦੇ ਵਿਕਾਸ ਬਾਰੇ ਕੰਵਲ ਦੀ ਧਾਰਨਾ ਇਹ ਹੈ। "ਆਰਥਕ ਪੱਖੋਂ ਜਿਹੜੀ ਯੂਨਟੀ (ਇਕਾਈ) ਇਕ ਖੇਤਰ 'ਚ ਜਿਉਂ ਰਹੀ ਹੈ, ਉਹਨਾਂ ਦਾ ਨਾਲ ਦੀ ਨਾਲ ਸਭਿਆਚਾਰਕ ਵਿਕਾਸ ਵੀ ਹੋ ਰਿਹਾ ਹੈ। ਗੱਲ ਇਹ ਹੈ, ਇਥੋਂ ਦੇ ਬਹੁਤ ਸਾਰੇ ਹਿੰਦੂ ਤਬਕੇ ਨੇ ਪੰਜਾਬੀ ਨੂੰ ਮਾਤਭਾਸ਼ਾ ਮੰਨਣੋਂ ਇਨਕਾਰ ਕਰ ਦਿਤਾ ਹੈ। ਬਾਹਰਲੀ ਲੇਬਰ ਭੱਠਿਆਂ ਦੀ, ਸੜਕਾਂ ਦੀ ਅਤੇ ਖੇਤਾਂ ਦੀ ਜਿਸ ਤਰ੍ਹਾਂ ਲਿਆਂਦੀ ਜਾ ਰਹੀ ਹੈ, ਇਸ ਤਰ੍ਹਾਂ ਗੈਰ ਪੰਜਾਬੀਆਂ ਦੀ ਗਿਣਤੀ ਵਧਾਈ ਜਾ ਰਹੀ ਹੈ ਅਤੇ ਪੰਜਾਬੀਆਂ ਦੀ ਗਿਣਤੀ ਘਟਾਈ ਜਾ ਰਹੀ ਹੈ। ਮੈਂ ਇਸ ਗੱਲ ਦੀ ਪੀੜ ਮੰਨਦਾ ਹਾਂ।" (ਮੁਲਾਕਾਤ 'ਚੋਂ)

ਪਹਿਲਾ ਨੁਕਤਾ ਇਹ ਹੈ ਕਿ ਪੰਜਾਬ ਦੀ ਆਰਥਕ ਇਕਾਈ ਦੇ ਵਿਕਾਸ ਨੂੰ ਸੰਸਾਰ ਦੀ ਆਰਥਕਤਾ ਨਾਲੋਂ ਤੋੜਕੇ ਇਕ ਸਵੈ-ਨਿਰਭਰ ਇਕਾਈ ਵਜੋਂ ਵੇਖਣ ਵਾਲੀ ਕੰਵਲ ਦੀ ਧਾਰਨਾ ਦਰੁਸਤ ਨਹੀਂ। ਉਸ ਦੀ ਇਸ ਧਾਰਨਾ ਤੋਂ ਉਲਟ ਅੱਜ ਪੰਜਾਬ ਦੀ ਇਕਾਈ ਦੇ ਆਰਥਕ, ਰਾਜਨੀਤਕ ਅਤੇ ਸਭਿਆਚਾਰ ਦੇ ਵਿਕਾਸ ਦਾ ਸਰੋਤ ਸੰਸਾਰ ਦੇ ਸਾਮਰਾਜਵਾਦੀ ਦੇਸ਼ਾਂ ਦੀ ਆਰਥਕਤਾ ਰਾਜਨੀਤੀ ਅਤੇ ਸਭਿਆਚਾਰਕ ਸਥਿਤੀ ਬਣੀ ਹੋਈ ਹੈ। ਜਿਸ ਸਥਿਤੀ ਦੇ ਫਲਸਰੂਪ, ਇਕ ਪਾਸੇ ਸਾਮਰਾਜ ਅਤੇ ਇਸ ਦੇ ਪਿਛਲੱਗ ਇਥੋਂ ਦੇ ਮਾਇਆਧਾਰੀਆਂ ਅਤੇ ਭੂਮੀਪਤੀਆਂ ਦੀ ਯੂਨਟੀ ਹੋਂਦ 'ਚ ਆ ਚੁਕੀ ਹੈ ਅਤੇ ਦੂਸਰੇ ਪਾਸੇ ਪ੍ਰੋਲਤਾਰੀਆਂ ਅਤੇ ਦੂਸਰੇ ਲੁਟੇ ਪੁਟੇ ਜਾ ਰਹੇ ਲੋਕਾਂ ਦੀ ਯੂਨਟੀ ਲਈ ਆਧਾਰ ਹੋਂਦ 'ਚ ਆ ਚੁਕਿਆ ਹੈ। ਹੋਂਦ 'ਚ ਆਈ ਇਸ ਬੁਨਿਆਦੀ ਯੂਨਟੀ ਨੂੰ ਕੰਵਲ ਦੀ ਯੂਨਟੀ ਦੀ ਕੌਮੀ ਧਾਰਨਾ ਛਟਿਆਉਂਦੀ ਹੈ ਅਤੇ ਜਗੀਰੂ ਸਭਿਆਚਾਰ ਦੀ ਰਹਿੰਦ ਖੂੰਹਦ ਦੇ ਮਿਟਣ ਦੇ ਵਰਤਾਰੇ ਅਤੇ ਬੁਰਜੂਆ ਸਭਿਆਚਾਰ ਦੇ ਵਰਤਾਰੇ ਦੇ ਇਕ ਹਿੱਸੇ (ਜਿਹੜਾ ਕੰਵਲ ਨੂੰ ਰਾਸ ਨਹੀਂ ਆ ਰਿਹਾ) ਉਤੇ ਕੰਵਲ ਨੂੰ ਪੀੜ ਹੁੰਦੀ ਹੈ। ਬੇਰੁਜ਼ਗਾਰੀ ਦੀ ਮਾਰ ਹੇਠ ਆਈ ਬਾਹਰਲੀ ਲੇਬਰ ਦੇ ਪੰਜਾਬ ਵਿਚ ਆਉਣ ਨਾਲ ਤਾਂ ਕੰਵਲ ਨੂੰ ਪੀੜ ਹੁੰਦੀ ਹੈ ਪਰ ਡਿਸਕੋ ਡਾਂਸਾਂ, ਅੰਗਰੇਜ਼ੀ ਸਕੂਲਾਂ ਅਤੇ ਕਈ ਹੋਰ ਵਸੀਲਿਆਂ ਰਾਹੀਂ ਵਿਦੇਸ਼ੀ ਸਭਿਆਚਾਰ ਵਲੋਂ ਸ਼ੁਰੂ ਕੀਤਾ ਮਾਰੂ ਹਮਲਾ ਤਾਂ ਕੰਵਲ ਨੂੰ ਪੀੜ ਨਹੀਂ ਪਹੁੰਚਾਉਂਦਾ ਪਰ ਪਰਵਾਸੀ ਮਜ਼ਦੂਰਾਂ ਦੇ ਦਖਲ ਨਾਲ ਉਸ ਨੂੰ ਪੰਜਾਬੀਅਤ ਦੇ ਖਤਮ ਹੋਣ ਦਾ ਖਤਰਾ ਪੀੜ ਪਹੁੰਚਾਉਂਦਾ ਹੈ। ਜਦ ਕਿ ਪਰਵਾਸੀ ਮਜ਼ਦੂਰ, ਪੰਜਾਬੀ ਸਭਿਆਚਾਰ ਉਤੇ ਆਪਣਾ ਪ੍ਰਭਾਵ ਪਾਉਣ ਨਾਲੋਂ

ਵੱਧ ਪੰਜਾਬੀ ਸਭਿਆਚਾਰ ਦਾ ਪ੍ਰਭਾਵ ਹੀ ਕਬੂਲਦੇ ਹਨ।

ਕੰਵਲ ਦੀ ਧਾਰਨਾ ਦਾ ਦੂਸਰਾ ਇਹ ਨੁਕਤਾ ਵੀ ਠੀਕ ਨਹੀਂ ਕਿ ਪੰਜਾਬ 'ਚ ਰਹਿੰਦੇ ਬਹੁਤ ਸਾਰੇ ਹਿੰਦੂ ਤਬਕੇ ਨੇ ਪੰਜਾਬੀ ਨੂੰ ਮਾਤਭਾਸ਼ਾ ਮੰਨਣੋਂ ਇਨਕਾਰ ਕਰ ਦਿਤਾ ਹੈ। ਉਸਦੇ ਇਸ ਨੁਕਤੇ ਦੇ ਠੀਕ ਨਾ ਹੋਣ ਦਾ ਕਾਰਨ ਇਹ ਹੈ ਕਿ ਉਹ ਆਪਣੇ ਇਸ ਨੁਕਤੇ 'ਚ ਇਹ ਸਪਸ਼ਟ ਨਹੀਂ ਕਰ ਸਕਿਆ ਕਿ ਹਿੰਦੂਆਂ ਦੇ ਵੱਡੇ ਹਿਸੇ ਨੇ ਪੰਜਾਬੀ ਨੂੰ ਮਾਤਭਾਸ਼ਾ ਮੰਨਣੋਂ ਇਨਕਾਰ ਕਿਉਂ ਕੀਤਾ ਹੈ ? ਇਸ ਸਵਾਲ ਦਾ ਇਹੋ ਜਵਾਬ ਬਣਦਾ ਹੈ ਕਿ ਇਕ ਪਾਸੇ ਹਿੰਦੂ ਜਨੂੰਨੀਆਂ ਨੇ ਹਿੰਦੀ ਭਾਸ਼ਾ ਨੂੰ ਹਿੰਦੁਸਤਾਨ ਦੀ ਕੇਂਦਰੀ ਬੋਲੀ ਨਾਲੋਂ ਵੱਧ, ਹਿੰਦੂ ਫਿਰਕੇ ਜਾਂ ਹਿੰਦੂ ਧਰਮ ਦੀ ਬੋਲੀ ਬਣਾਈ ਹੋਈ ਹੈ। ਸਿਖ ਜਨੂੰਨੀਆਂ ਨੇ ਪੰਜਾਬੀ ਨੂੰ ਪੰਜਾਬ ਦੀ ਬੋਲੀ ਬਣਾਉਣ ਦੀ ਥਾਂ ਸਿਖ ਫਿਰਕੇ ਜਾਂ ਸਿਖ ਧਰਮ ਦੀ ਬੋਲੀ ਬਣਾਇਆ ਹੋਇਆ ਹੈ। ਇਸ ਵਰਤਾਰੇ ਦੇ ਫਲਸਰੂਪ ਹਿੰਦੂਆਂ ਦਾ ਵੱਡਾ ਤਬਕਾ ਪੰਜਾਬੀ ਨੂੰ ਮਾਤ ਭਾਸ਼ਾ ਮੰਨਣੋਂ ਇਨਕਾਰੀ ਹੈ। ਭਾਸ਼ਾਵਾਂ ਨੂੰ ਫਿਰਕਿਆਂ ਜਾਂ ਧਰਮਾਂ ਦਾ ਖਿਡਾਉਣਾ ਬਣਾਉਣ ਵਾਲੀ ਧਾਰਨਾ ਦਾ ਕੰਵਲ ਨੂੰ ਖੁਦ ਸ਼ਿਕਾਰ ਨਹੀਂ ਹੋਣਾ ਚਾਹੀਦਾ ਸੀ, ਸਗੋਂ ਇਸ ਧਾਰਨਾ ਦੇ ਖੋਟ ਨੂੰ ਉਧੇੜਨਾ ਚਾਹੀਦਾ ਸੀ।

**੦ਪ੍ਰੋਲੇਤਾਰੀ ਜਮਾਤ ਦੇ ਇਤਿਹਾਸਕ ਰੋਲ ਬਾਰੇ ਅਧਿਆਤਮਵਾਦੀ ਧਾਰਨਾ** :— ਕੰਵਲ, ਪ੍ਰੋਲੇਤਾਰੀ ਦੀ ਵਿਚਾਰਧਾਰਾ ਅਤੇ ਰਾਜਨੀਤੀ ਦੀ ਥਾਂ, ਜਗੀਰੂ ਯੁੱਗ ਦੀ ਵਿਚਾਰਧਾਰਾ ਅਤੇ ਰਾਜਨੀਤੀ ਨੂੰ ਕਿਵੇਂ ਲਿਆ ਰਿਹਾ ਹੈ ? ਇਹ ਤਾਂ ਪਹਿਲਾਂ ਸਮਝਿਆ ਹੀ ਜਾ ਚੁਕਿਆ ਹੈ ਅਤੇ ਆਉ ! ਹੁਣ ਇਹ ਸਮਝੀਏ ਕਿ ਉਹ ਪ੍ਰੋਲੇਤਾਰੀ ਜਮਾਤ ਦੇ ਇਤਿਹਾਸਕ ਰੋਲ ਨੂੰ ਕਿਵੇਂ ਅੱਖੋਂ ਉਹਲੇ ਕਰ ਰਿਹਾ ਹੈ ? ਪ੍ਰੋਲੇਤਾਰੀ ਦੇ ਹਰਾਵਲ ਦਸਤੇ, ਅਰਥਾਤ ਕਮਿਊਨਿਸਟ ਪਾਰਟੀ ਨੂੰ ਕਿਵੇਂ ਰੱਦ ਕਰ ਰਿਹਾ ਹੈ ? ਇਸ ਦੀ ਥਾਂ ਮੱਧ-ਵਰਗ, ਅਰਥਾਤ, ਕਿਸਾਨੀ ਦੀ ਪਾਰਟੀ ਨੂੰ ਲਿਆ ਰਿਹਾ ਹੈ।

ਕੰਵਲ ਆਪਣੇ 'ਮੋੜਾ' ਨਾਵਲ ਦੇ ਪੰਨਾ 40 ਉਤੇ, ਨਾਵਲ ਦੇ ਹੀਰੋ ਕ੍ਰਿਪਾਲ ਕੋਲੋਂ ਸਵਾਲ ਕਰਵਾਉਂਦਾ ਹੈ —"ਮੈਨੂੰ ਕੀ ਕਰਨਾ ਚਾਹੀਦਾ ਹੈ ? ਕਮਿਊਨਿਸਟ ਪਾਰਟੀ 'ਚ ਕੰਮ ਕਰਾਂ ?" ਕ੍ਰਿਪਾਲ ਦੇ ਇਸ ਸਵਾਲ ਦਾ ਜੁਆਬ, ਕੰਵਲ, ਕ੍ਰਿਪਾਲ ਦੇ ਸਿਆਸੀ ਗੁਰੂ ਗਿਆਨੀ ਮਾਸਟਰ ਤੋਂ ਅਗਾਂਹ ਇਹ ਦਿਵਾਉਂਦਾ ਹੈ—"ਰਹਿਣ ਦੇ, ਇਹਨਾਂ ਪਹਿਲਾਂ ਹੀ ਹਜਾਰਾਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਖੱਸੀ ਕਰ ਕੇ ਰੱਖ ਦਿੱਤਾ ਏ।" ਗਿਆਨੀ ਮਾਸਟਰ ਇਉਂ ਪ੍ਰੋਲੇਤਾਰੀ ਜਮਾਤ ਦੇ ਹਿਰਾਵਲ ਦਸਤੇ ਦੀ ਵਿਰੋਧਤਾ ਕਰਦਾ ਕਰਦਾ ਆਖਰ ਨੂੰ ਸਿਰਫ ਕਿਸਾਨੀ ਦੀ ਲੁੱਟ-ਖਸੁੱਟ ਦਾ ਜ਼ਿਕਰ ਕਰਨ ਲੱਗ ਪੈਂਦਾ ਹੈ— "ਪੰਜਾਬ ਦੇ ਕਿਸਾਨ ਦਾ ਕੋਈ ਵਾਲੀ ਵਾਰਸ ਨਹੀਂ। ਉਹ ਦਿਨੋ ਦਿਨ ਆਰਥਕ ਪੱਖੋਂ ਨਿਘਰਦਾ ਜਾ ਰਿਹਾ ਹੈ। ਸਮਝ ਬਰੂਦ ਬਣਦਾ ਜਾ ਰਿਹਾ ਹੈ। .." ਗਿਆਨੀ ਮਾਸਟਰ ਦੇ ਲੰਮੇ ਲੈਕਚਰ ਦੇ ਫਲਸਰੂਪ ਕ੍ਰਿਪਾਲ ਆਪਣਾ ਫੈਸਲਾ ਸੁਣਾਉਂਦਾ ਹੈ—"ਮੈਂ ਕਿਸਾਨੀ ਲਈ ਜੂਝਾਂਗਾ।"

ਕ੍ਰਿਪਾਲ ਦੇ ਕਿਸਾਨੀ ਲਈ ਜੂਝਣ ਬਾਰੇ ਕਿਸੇ ਨੂੰ ਕੋਈ ਕਿੰਤੂ ਨਹੀਂ ਹੋ ਸਕਦਾ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਜੂਝੇਗਾ ਕਿਸ ਪਾਰਟੀ ਦੀ ਵਿਚਾਰਧਾਰਾ ਅਤੇ ਰਾਜਨੀਤੀ ਅਨੁਸਾਰ ? ਕਿਉਂਕਿ ਪ੍ਰੋਲੇਤਾਰੀ ਦੀ ਪਾਰਟੀ ਨੂੰ ਤਾਂ ਉਸ 'ਚ ਸਿਆਸੀ ਗੁਰੂ ਖੱਸੀ ਕਰਾਰ ਦੇ ਚੁੱਕਿਆ ਹੈ ? ਤਾਂ ਫੇਰ ਕ੍ਰਿਪਾਲ ਕੋਲ ਕਿਸਾਨੀ ਦੀ ਪਾਰਟੀ ਅਤੇ ਸਿਆਸਤ ਈ ਰਹਿ ਗਈ ਹੈ। ਇਸ ਪਾਰਟੀ ਅਤੇ ਇਸ ਪਾਰਟੀ ਦੀ ਸਿਆਸਤ 'ਚ ਸਾਮਰਾਜਵਾਦੀ ਪ੍ਰਬੰਧ ਨੂੰ ਖਤਮ ਕਰਨ ਤੱਕ ਦਾ ਦਮ ਨਹੀਂ ਰੱਖਦੀ। ਇਸ ਕਾਰਜ ਨੂੰ ਤਾਂ ਪ੍ਰੋਲੇਤਾਰੀ ਦੀ ਪਾਰਟੀ ਹੀ ਕਰ ਸਕਦੀ ਹੈ। ਜਿਵੇਂ ਇਸ ਹਕੀਕਤ ਨੂੰ ਦਰਸਾਉਂਦਿਆਂ ਮਾਰਕਸ ਨੇ ਲਿਖਿਆ ਹੈ—"ਇਸ ਟੱਕਰ ਦੇ ਘੇਰੇ ਅੰਦਰ ਨਿੱਜੀ ਸੰਪਤੀ ਮਾਲਕ ਪ੍ਰੀਵਰਤਨ ਵਿਰੋਧੀ ਧਿਰ ਹੈ, ਪ੍ਰੋਲੇਤਾਰੀ ਵਿਨਾਸ਼ਕਾਰੀ ਧਿਰ। ਪਹਿਲੀ ਤੋਂ ਇਸ ਟੱਕਰ ਨੂੰ ਕਾਇਮ ਰੱਖਣ ਦਾ ਕਰਮ ਜਨਮ ਲੈਂਦਾ ਹੈ। ਦੂਸਰੀ ਤੋਂ ਇਸ ਨੂੰ ਵਿਨਾਸ਼ ਕਰਨ ਦਾ ਕਰਮ।" [ਮਾਰਕਸ-ਏਗਲਜ਼, ਸਹਿਤ ਅਤੇ ਕਲਾ, ਪੰਨਾ 183] ਮਾਰਕਸ ਵਲੋਂ ਵਿਖਾਈ ਗਈ, ਕੰਵਲ ਦੀ ਕਿਸਾਨੀ ਨੂੰ ਪਰਮੁਖ ਮੰਨਣ ਵਾਲੀ ਧਾਰਨਾ ਨਿਰੋਲ ਅਧਿਆਤਮਵਾਦੀ ਹੈ। ਅਤੇ ਪ੍ਰੋਲੇਤਾਰੀ ਜਮਾਤ ਦੀ ਵਿਚਾਰਧਾਰਕ ਰਾਜਨੀਤੀ ਅਤੇ ਹਰਾਵਲ ਦਸਤੇ (ਕਮਿਊਨਿਸਟ ਪਾਰਟੀ) ਨੂੰ ਨਿਦੰਣ ਦੀ ਧਾਰਨਾ ਅਤਿਅੰਤ ਖਤਰਨਾਕ ਅਧਿਆਤਮਵਾਦੀ ਧਾਰਨਾ ਹੈ।

**੦ਪਿਆਰ ਦੇ ਸੰਕਲਪ ਬਾਰੇ ਧਾਰਨਾ** :—ਮਰਦ ਅਤੇ ਔਰਤ ਦੇ ਜਗੀਰੂ-ਕਦਰਾਂ-ਕੀਮਤਾਂ ਦੀ ਟੁੱਟਭੱਜ ਤੇ ਆਧਾਰਤ ਸੰਬੰਧਾਂ ਦੇ ਦੁਖਾਂਤ ਨੂੰ ਅਤੇ ਬੁਰਜੂਆਂ ਕਦਰਾਂ-ਕੀਮਤਾਂ ਦੇ ਆਧਾਰ 'ਤੇ ਹੋਂਦ 'ਚ, ਆ ਰਹੇ ਸੰਬੰਧਾਂ ਦੀ ਲਾਲਸਾ ਨੂੰ ਕੰਵਲ ਨੇ ਮੁਢਾਂ 'ਚ ਰੁਮਾਂਟਿਕ ਨੁਕਤੇ ਤੋਂ ਬਿਆਨਣਾ ਸ਼ੁਰੂ ਕੀਤਾ। 'ਹਾਣੀ' 'ਪੂਰਨਮਾਸ਼ੀ', 'ਸਿਵਲ ਲਾਇਨਜ਼' ਅਤੇ 'ਰੂਪ ਧਾਰਾ' ਜਿਹੇ ਨਾਵਲ ਇਸੇ ਨੁ ਤੇ ਤੋਂ ਲਿਖੇ ਹੋਏ ਹਨ। ਰੁਮਾਂਟਕ ਨੁਕਤੇ ਦੇ ਨਾਲ-ਨਾਲ ਕੰਵਲ ਨੇ ਜਮਾਤੀ ਜਦੋ ਜਹਿਦੋ ਦੇ ਨੁਕਤੇ ਨੂੰ ਜੋੜਨ

ਦੀ ਧਾਰਨਾ ਅਪਣਾਉਣ ਦਾ ਯਤਨ ਵੀ ਕੀਤਾ। ਇਸ ਯਤਨ ਦੇ ਸਿੱਟੇ ਵਜੋਂ ਉਸ ਨੇ 'ਭਵਾਨੀ', ਰੂਪ ਦੇ ਰਾਖੇ', 'ਤਾਰੀਖ ਵੇਖਦੀ ਹੈ' ਅਤੇ 'ਰਾਤ ਬਾਕੀ ਹੈ' ਜਿਹੇ ਨਾਵਲ ਲਿਖੇ। ਪਰ ਇਹੋ ਜਿਹੇ ਨਾਵਲਾਂ 'ਚ ਵੀ ਕੰਵਲ ਦਾ ਰੁਮਾਂਟਿਕ ਪੱਖ ਜਮਾਤੀ ਜਦੋ-ਜਹਿਦ ਦੇ ਪੱਖ ਦੇ ਉਪਰੋਂ ਦੀ ਪੈਂਦਾ ਰਿਹਾ। ਮਿਸਾਲ ਦੇ ਤੌਰ ਤੇ 'ਰਾਤ ਬਾਕੀ ਹੈ' ਨਾਵਲ ਦਾ ਹੀਰੋ ਚਰਨ ਅਤੇ ਰਾਜ ਦੇ ਸੰਬੰਧਾਂ ਨੂੰ ਹੀ ਲੈ ਲਉ। ਇਹਨਾਂ ਦੋਵਾਂ ਦੀ ਜ਼ਿੰਦਗੀ ਦਾ ਆਰਥਕ ਆਧਾਰ ਸ਼ੁਰੂ ਤੋਂ ਲੈ ਕੇ ਅੰਤ ਤੱਕ ਵੱਖਰੀ-ਵੱਖਰੀ ਪੱਧਰ ਦਾ ਰਿਹਾ। ਪਰ ਰੁਮਾਂਸਵਾਦੀ (ਸੈਕਸ਼ੁਅਲ ਨਹੀਂ) ਸੰਬੰਧ ਧੁਰ ਤੱਕ ਚੱਲਦੇ ਰਹੇ। ਅਤੇ ਅੰਤ ਨੂੰ ਇਹ ਸਬੰਧ ਜਮਾਤੀ-ਜਦੋਜਹਿਦ 'ਚ ਕੁੱਦੇ ਚਰਨ ਦੀ ਜਮਾਤੀ ਵਿਚਾਰਧਾਰਾ ਤੇ ਹਾਵੀ ਵੀ ਹੋ ਗਏ। ਜਿਨ੍ਹਾਂ ਦੇ ਫਲਸਰੂਪ, ਰਾਜ ਨੂੰ ਜਗੀਰਦਾਰਾਂ ਦੀ ਹਵੇਲੀ 'ਚ ਮਿਲਣ ਗਿਆ (ਪਾਰਟੀ ਤੋਂ ਚੋਰੀਓ) ਚਰਨ, ਕੰਵਲ ਨੂੰ ਗ੍ਰਿਫਤਾਰ ਹੁੰਦਾ ਵਿਖਾਉਣਾ ਪਿਆ। ਕੰਵਲ ਦੀ ਰੁਮਾਸ ਨੂੰ ਆਰ ਥਕ ਸਬੰਧਾਂ ਤੋਂ ਵੱਖ ਕਰਕੇ ਅਤੇ ਆਰਥਕ ਸਬੰਧਾਂ ਤੋਂ ਉਪਰ ਦੀ ਕਰਕੇ ਵੇਖਣ ਵਾਲੀ ਧਾਰਨਾ ਅਧਿਆਤਮ-ਵਾਦੀ ਹੈ। ਉਸਦੀ ਇਸ ਧਾਰਨਾ ਨੂੰ ਹੋਰ ਸਪੱਸ਼ਟ ਰੂਪ 'ਚ ਸਮਝਣ ਲਈ ਅਸੀਂ ਕੰਵਲ ਦੇ ਇੰਟਰਵਿਊ ਦੌਰਾਨ ਪੇਸ਼ ਕੀਤਾ ਵਿਚਾਰ ਹਾਜਰ ਕਰ ਰਹੇ ਹਾਂ— "ਮੈਨੂੰ ਇਉਂ ਲੱਗਦਾ ਹੈ, ਜਿਵੇਂ ਤੁਸੀਂ ਪਿਆਰ ਨੂੰ ਆਰਥਕਤਾ ਨਾਲ ਜ਼ਰਬਾਂ ਦੇ ਰਹੇ ਹੋ। ਸੁਪਰ ਪਾਵਰ ਬਾਰੇ ਹਾਲੇ ਬੜੇ ਭੁਲੇਖੇ ਨੇ" ਕੰਵਲ ਦਾ ਇਹ ਵਿਚਾਰ ਸਾਫ ਕਰਦਾ ਹੈ ਕਿ ਕੰਵਲ ਪਿਆਰ ਨੂੰ ਸਿਰਫ ਸੁਪਰ ਸਟੱਕਚਰ (ਪਰ-ਉਸਾਰ) ਦੀ ਹੀ ਕੋਈ ਸ਼ੈ ਸਮਝਦਾ ਹੈ। ਪੌਦੇ ਦੀਆਂ ਜੜ੍ਹਾਂ ਸੂਰਜ ਵਲ, ਕਰਨ ਵਾਲੀ ਕੰਵਲ ਦੀ ਇਹ ਸਮਝ, ਪਿਆਰ ਦੀ ਮਾਰਕਸਵਾਦੀ ਧਾਰਨਾ ਨਾਲ ਉੱਕੀ ਮੇਲ ਨਹੀਂ ਖਾਂਦੀ। ਸ਼ੈਕਸਪੀਅਰ ਦੇ "ਏਥਨਜ਼-ਦਾ ਟਾਈਮਨ" ਦੇ ਤੀਜੇ ਦ੍ਰਿਸ਼ ਦੀ ਕਵਿਤਾ ਦੀ ਵਿਆਖਿਆ ਕਰਦਿਆਂ ਮਾਰਕਸ ਨੇ ਲਿਖਿਆ ਹੈ—"ਮੁਦਰਾ ਦੀ ਸ਼ਕਤੀ ਦੀ ਸੀਮਾਂ ਮੇਰੀ ਸ਼ਕਤੀ ਦੀ ਸੀਮਾਂ ਹੈ। ਮੁਦਰਾ ਦੇ ਗੁਣ ਮੇਰੇ—ਮਾਲਕ ਦੇ ਗੁਣ ਅਤੇ ਤਾਤਵਿਕ ਸ਼ਕਤੀਆਂ ਹਨ। ਇਸ ਪ੍ਰਕਾਰ ਮੈਂ ਕੀ ਹਾਂ ? ਅਤੇ ਕਿਸ ਗੱਲ ਦੇ ਸਮਰੱਥ ਹਾਂ ? ਦਾ ਨਿਰਣਾ ਕਿਸੇ ਵੀ ਤਰ੍ਹਾਂ ਮੇਰੇ ਵਿਅਕਤਿਤਵ ਤੋਂ ਨਹੀਂ ਹੋ ਸਕਦਾ। ਮੈਂ ਬਦਸੂਰਤ ਹਾਂ ਪਰ ਮੈਂ ਆਪਣੇ ਵਾਸਤੇ ਅਤਿਅੰਤ ਸੁੰਦਰ ਇਸਤਰੀ ਖਰੀਦ ਸਕਦਾ ਹਾਂ। ਇਸ ਕਰਕੇ ਮੈਂ ਬਦਸੂਰਤ ਨਹੀਂ, ਕਿਉਂਕਿ ਬਦਸੂਰਤੀ ਦਾ ਅਸਰ,. ਇਸ ਦੀ ਮਾਰੂ ਸ਼ਕਤੀ ਮੁਦਰਾ ਦੁਆਰਾ ਨਸ਼ਟ ਹੋ ਜਾਂਦਾ ਹੈ।" ਮਾਰਕਸਵਾਦ ਦਾ ਇਹ ਵਿਗਿਆਨਕ ਨਿਯਮ ਸਾਫ ਕਰਦਾ ਹੈ ਕਿ ਮਨੁੱਖ ਦਾ ਵਿਅਕਤਿਤਵ (ਸੋਚ, ਜਜ਼ਬੇ, ਰੀਝਾਂ, ਰੁਮਾਂਸ, ਪਿਆਰ ਆਦਿ) ਆਰਥਕਤਾ (ਮੁਦਰਾ) ਨਾਲ ਜ਼ਰਬਾਂ ਹੀ ਨਹੀਂ ਖਾਂਦੇ ਸਗੋਂ ਇਹ ਉਹਨਾਂ ਦੇ ਹਕੀਕੀ ਚਰਿੱਤਰ ਨੂੰ ਵੀ ਨਸ਼ਟ ਕਰ ਦਿੰਦੀ ਹੈ। ਕੰਵਲ ਦੇ ਆਪਣੇ ਨਿੱਜੀ ਵਿਅਕਤਿਤਵ ਤੋਂ ਸੋਚਣ ਦੇ ਫਲਸਰੂਪ ਹੀ ਸੁਪਰ ਪਾਵਰ ਦੇ ਭੁਲੇਖੇ ਪਏ ਰਹੇ ਹਨ। ਪੌਦੇ ਦੀਆਂ ਜੜ੍ਹਾਂ ਸੂਰਜ ਵਲ ਕਰਨ ਵਾਲੇ ਨੂੰ ਇਹ ਕਦਾਚਿਤ ਸਮਝ ਨਹੀਂ ਆ ਸਕਦੀ ਕਿ ਪੌਦੇ ਦਾ ਫੁਲ ਨਾਲ ਕੀ ਸਬੰਧ ਹੁੰਦਾ ਹੈ।

**੦ ਅਰਧ-ਪੂੰਜੀਵਾਦੀ ਮਾਨਵਤਾ ਦੇ ਸੰਕਲਪ ਬਾਰੇ ਧਾਰਨਾ** :—ਸੰਸਾਰ ਦੇ ਅਣਵਿਕਸਤ ਦੇਸ਼ਾਂ ਅੰਦਰ ਜਗੀਰੂ ਰਹਿੰਦ-ਖੂੰਹਦ ਦੇ ਫਲਸਰੂਪ, ਇਹਨਾਂ ਦੇਸ਼ਾਂ ਅੰਦਰ ਹਾਲੇ ਤੱਕ ਬੁਰਜੂਆ ਜਮਹੂਰੀਅਤ ਵੀ ਪੂਰਨ ਰੂਪ 'ਚ ਹੋਂਦ ਨਹੀਂ ਆਈ, ਅਰਥਾਤ, ਲਿਖਣ, ਬੋਲਣ, ਅਜ਼ਾਦੀ, ਮਨੁੱਖਤਾ ਆਦਿ ਦੇ ਸੰਕਲਪ ਅਰਧ ਪੂੰਜੀਵਾਦੀ ਸਕੰਲਪ ਹਨ। ਪਰ ਇਹਨਾਂ ਅਰਧ-ਪੂੰਜੀਵਾਦੀ ਸੰਕਲਪਾਂ ਵਿਚੋਂ ਮਨੁੱਖਤਾ ਦੇ ਸੰਕਲਪ ਬਾਰੇ ਕੰਵਲ ਦੀ ਧਾਰਨਾ ਨਿਰੋਲ ਆਦਰਸ਼ਵਾਦੀ ਹੈ। ਕੰਵਲ ਆਪਣੇ ਨਾਵਲ 'ਮਨੁੱਖਤਾ' ਦੇ ਪਾਤਰ ਕੁਲਵਿੰਦਰ (ਜਿਸ ਨੂੰ ਸਮਾਜਵਾਦੀ ਵਿਚਾਰਾਂ ਦੇ ਧਾਰਨੀ ਵਜੋਂ ਪੇਸ਼ ਕੀਤਾ ਗਿਆ ਹੈ)ਦੇ ਮੂੰਹੋਂ ਆਪਣੀ ਧਾਰਨਾ ਇਹਨਾਂ ਸ਼ਬਦਾਂ 'ਚ ਪ੍ਰਗਟ ਕਰਵਾਉਂਦਾ ਹੈ— "ਅਸੀਂ ਇਹੀ ਮਨੁੱਖਤਾ ਪੈਦਾ ਕਰਨ ਲਈ ਲੜ ਰਹੇ ਹਾਂ। ਕੋਈ ਯਕੀਨ ਕਰੇ, ਕੋਈ ਨਾ ਕਰੇ" (ਪੰਨਾ 2:8, ਨਾਵਲ 'ਮਨੁੱਖਤਾ') ਕੰਵਲ ਆਪਣੀ ਆਦਰਸ਼ਵਾਦੀ ਧਾਰਨਾ ਦੇ ਅਧੀਨ ਅਰਧ-ਪੂੰਜੀਵਾਦੀ ਮਨੁੱਖਤਾ ਅਤੇ ਸਮਾਜਵਾਦੀ ਯੁੱਗ ਦੀ ਮਨੁੱਖਤਾ ਅੰਦਰਲੇ ਬੁਨਿਆਦੀ ਅੰਤਰ ਨੂੰ ਵੇਖਣ 'ਚ ਅਸਫਲ ਰਿਹਾ ਹੈ।

ਉਸਦੀ ਇਸ ਧਾਰਨਾ ਦੇ ਉਲਟ ਮਾਰਕਸਵਾਦੀ ਧਾਰਨਾ ਇਹ ਹੈ—"ਮਨੁਖ ਦੇ ਵਿਚਾਰ, ਦ੍ਰਿਸ਼ਟੀਕੋਣ ਅਤੇ ਸੰਕਲਪ, ਮੁਕਦੀ ਗੱਲ, ਮਨੁਖ ਦੀ ਚੇਤੰਨਤਾ ਉਸ ਦੀ ਪਦਾਰਥਕ ਹੋਂਦ ਦੀਆਂ ਹਾਲਤਾਂ ਵਿਚ, ਉਸ ਦੇ ਸਮਾਜਕ ਸਬੰਧਾਂ ਵਿਚ ਅਤੇ ਉਸ ਦੇ ਸਮਾਜਿਕ ਜੀਵਨ ਵਿਚ ਹਰ ਪਰਿਵਰਤਨ ਨਾਲ ਬਦਲ ਜਾਂਦੀ ਹੈ" (ਮਾਰਕਸ ਏਂਗਲਜ਼ ਸਾਹਿਤ ਅਤੇ ਕਲਾ ਬਾਰੇ ਪੰਨਾ 84) ਇਸ ਮਾਰਕਸਵਾਦੀ ਧਾਰਨਾ ਦੀ ਰੌਸ਼ਨੀ 'ਚ ਅਸੀਂ ਇਸ ਹਕੀਕਤ ਨੂੰ ਸਮਝ ਸਕਦੇ ਹਾਂ ਕਿ ਅਜੋਕੇ ਯੁਧ 'ਚ ਮਾਇਆਧਾਰੀਆਂ ਅਤੇ ਉਹਨਾਂ ਦੇ ਪਿੱਛ ਲਗ ਸ਼ਾਹੂਕਾਰਾਂ ਅਤੇ ਭੂੰਮੀਪਤੀਆਂ ਦੇ ਵਿਧਾਨ ਅਤੇ ਅਦਾਲਤਾਂ ਵਲੋਂ ਜਿਹੜੀਆਂ ਸ਼ਹਿਰੀ ਆਜ਼ਾਦੀਆਂ ਦੇਣ ਦਾ ਦਾਅਵਾ ਕੀਤਾ ਗਿਆ ਹੈ, ਇਹ ਨਿਰੋਲ ਸ਼ਬਦੀ ਵਾਕ-ਅੰਸ਼ ਹੈ। ਕਿਉਂਕਿ ਇਹਨਾਂ ਆਜ਼ਾਦੀਆਂ ਦਾ ਆਰਥਕ ਪੱਖੋਂ ਗੁਲਾਮ ਜਮਾਤਾਂ ਲਈ ਅਰਥ, ਉਹੀ ਹੈ ਜਿਹੜਾ

ਅਰਥ ਉਸ ਕੱਟੇ ਲਈ ਮਣ ਦੁੱਧ ਦਾ ਹੁੰਦਾ ਹੈ, ਜਿਸ ਨੂੰ ਦੁਧ ਦੀ ਛਿੱਟ ਵੀ ਨਸੀਬ ਨਹੀਂ ਹੁੰਦੀ। ਜਿਵੇਂ ਅਸੀਂ ਵੇਖਦੇ ਹਾਂ ਕਿ ਪਿੰਡਾਂ ਅਤੇ ਸ਼ਹਿਰੀਆਂ ਦੇ ਕਿਰਤੀਆਂ ਨੂੰ ਲੁੱਟਣ ਲਈ ਅਤੇ ਇਹਨਾਂ ਦੀਆਂ ਜਮਾਤੀ ਜਦੋ-ਜਹਿਦਾਂ ਨੂੰ ਲਹੂ ਦੇ ਛੱਪੜਾਂ ਵਿਚ ਤਬਦੀਲ ਕਰਨ ਲਈ, ਪੁਲਿਸ, ਫੌਜ, ਅਦਾਲਤਾਂ, ਜੇਲ੍ਹਾਂ ਅਤੇ ਮਾਰੂ ਹਥਿਆਰਾਂ ਦਾ ਇਸਤੇਮਾਲ ਵੀ ਉਹੀ ਜਮਾਤ ਕਰਦੀ ਹੈ ਜਿਹੜੀ ਸਮੁੱਚੀ ਮਨੁੱਖਤਾ ਨੂੰ ਸ਼ਹਿਰੀ ਆਜ਼ਾਦੀਆਂ ਦੇਣ ਦੇ ਦਮਗਜੇ ਮਾਰਦੀ ਹੈ। ਲੁੱਟ ਅਤੇ ਅਤਿਆਚਾਰਾਂ 'ਤੇ ਆਧਾਰਤ ਪ੍ਰਬੰਧ 'ਚ ਜੇ ਕੋਈ, ਇਕਾ ਦੁਕਾ ਪੁਲਿਸ ਅਫ਼ਸਰ ਜਾਂ ਡੀ.ਸੀ. ਆਦਿ, ਰਹਿਮ ਜਾਂ ਤਰਸ ਦੇ ਜਜ਼ਬੇ ਅਧੀਨ, ਅਰਧ-ਪੂੰਜੀਵਾਦੀ ਅਦਾਲਤਾਂ ਦੇ ਕਾਨੂੰਨ ਤੇ ਅਮਲ ਕਰਦਾ ਹੈ ਤਾਂ ਕੀ ਉਹਨਾਂ ਦਾ ਇਹ ਅਮਲ ਸਮਾਜਵਾਦੀ ਯੁਗ ਦੀ ਮਨੁੱਖਤਾ ਦੇ ਅਰਥ ਰਖਣ ਲਗ ਜਾਂਦਾ ਹੈ ? ਜਦੋਂ ਕਿ ਸਮਾਜਵਾਦੀ ਯੁਗ 'ਚ ਜਮਾਤਾਂ ਦੇ ਖਤਮ ਹੋ ਜਾਣ ਦੇ ਫਲਸਰੂਪ, ਪੁਲੀਸ, ਫੌਜ ਅਦਾਲਤਾਂ, ਜੇਲਾਂ, ਹਥਿਆਰਾਂ ਆਦਿ ਦੀ ਲੋੜ ਨਹੀਂ ਰਹਿੰਦੀ। ਰਹਿਮ, ਤਰਸ ਆਦਿ ਦੀ ਥਾਂ ਸਮਾਨਤਾ ਜਨਮ ਲੈ ਲੈਂਦੀ ਹੈ ਹੈ।

ਕੰਵਲ ਦੇ ਅਧਿਆਤਮਵਾਦੀ ਦ੍ਰਿਸ਼ਟੀਕੋਣ ਦੇ ਕੀਤੇ ਗਏ ਉਪਰੋਕਤ ਵਿਸ਼ਲੇਸ਼ਣ ਵਿਚੋਂ ਇਹ ਸਚਾਈ ਨਿਤਰ ਕੇ ਸਾਮਣੇ ਆਉਂਦੀ ਹੈ ਕਿ ਕੰਵਲ, ਅਜੋਕੇ ਯੁਗ ਦੇ ਫੈਸਲਾਕੁਨ ਆਰਥਕ ਆਧਾਰ ਅਤੇ ਪਰ-ਉਸਾਰ ਦੇ ਆਪਸੀ ਵਿਰੋਧ-ਵਿਕਾਸੀ ਸੰਬੰਧਾਂ, ਨੂੰ ਉਸੇ ਤਰ੍ਹਾਂ ਨਹੀਂ ਲੈਂਦਾ, ਜਿਸ ਤਰ੍ਹਾਂ ਇਹ ਹਨ। ਸਗੋਂ ਇਹਨਾਂ ਸੰਬੰਧਾਂ ਨੂੰ ਆਪਣੀ ਸਿੱਖ ਧਰਮ ਸੰਬੰਧੀ ਸ਼ਰਧਾ ਅਨੁਸਾਰ ਲੈਂਦਾ ਹੈ। ਜਿਸ ਦੇ ਸਿੱਟੇ ਵਜੋਂ ਕੰਵਲ ਦੀਆਂ ਧਾਰਨਾਵਾਂ ਹਕੀਕਤ ਨਾਲ ਮੇਲ ਨਹੀਂ ਖਾਂਦੀਆਂ। ਇਹੀ ਕਾਰਨ ਹੈ ਕਿ ਕੰਵਲ, ਕਮਿਉਨਿਸਟ ਲਹਿਰ ਅਤੇ ਆਪ-ਮੁਰਾਰੀ ਲਹਿਰ ਅੰਦਰਲੇ ਅੰਤਰ ਨੂੰ ਵੇਖਣੋਂ ਅਸਮਰੱਥ ਹੋ ਜਾਂਦਾ ਹੈ। ਤਿਆਰ ਕਰਤਾ :—ਬਾਰੂ ਸਤਵਰਗ

ਵਲੋਂ :—ਕ੍ਰਾਂਤੀਕਾਰੀ ਸਾਹਿਤ ਸਭਾ [ਪੰਜਾਬ]

## ਸ਼ਾਨਦਾਰ ਸਾਹਿਤਕ ਸਮਾਗਮ

**ਕ੍ਰਾਂਤੀਕਾਰੀ ਸਾਹਿਤ ਸਭਾ, ਪੰਜਾਬ ਵੱਲੋਂ 11 ਅਗਸਤ ਨੂੰ ਪਿੰਡ ਮਹਿਰਾਜ (ਬਠਿੰਡਾ)** ਵਿਖੇ ਇਕ ਸ਼ਾਨਦਾਰ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਹੋਰਾਂ ਸਾਹਿਤਕ ਮਸਲਿਆਂ ਤੋਂ ਇਲਾਵਾ, ਜਸਵੰਤ ਕੰਵਲ ਦੇ ਦ੍ਰਿਸ਼ਟੀਕੋਣ ਦੇ ਮੁੱਲੰਕਣ ਸੰਬੰਧੀ ਸਭਾ ਵੱਲੋਂ ਪੜ੍ਹੇ ਜਾਣ ਵਾਲੇ ਪਰਚੇ ਤੇ ਬਹਿਸ-ਵਿਚਾਰ ਕੀਤੀ ਜਾਵੇਗੀ। ਇਸ ਗੋਸ਼ਟੀ ਵਿੱਚ ਆਂਧਰਾ ਦੇ ਇਨਕਲਾਬੀ ਲੇਖਕ ਸੰਘ ਦੇ ਸਕੱਤਰ ਕਾ: ਵਾਰਵਰਾ ਰਾਓ ਵੀ ਪਹੁੰਚ ਰਹੇ ਹਨ।

**ਕ੍ਰਾਂਤੀਕਾਰੀ ਸਾਹਿਤ ਸਭਾ**, ਸਾਰੇ ਸਾਹਿਤਕਾਰ, ਕਲਾਕਾਰਾ ਅਤੇ ਸਾਹਿਤਕ ਪ੍ਰੇਮੀਆਂ ਨੂੰ ਇਸ ਸਮਾਗਮ ਤੇ ਪਹੁੰਚਣ ਲਈ ਸੱਦਾ ਦਿੰਦੀ ਹੈ। ਸਾਰੇ ਸੱਜਣ **11 ਅਗਸਤ ਨੂੰ ਸਵੇਰੇ ਦਸ ਵਜੇ** ਪਿੰਡ ਮਹਿਰਾਜ ਪਹੁੰਚ ਜਾਣ। 11 ਅਗਸਤ ਰਾਤ ਨੂੰ ਸਭਿਆਚਾਰਕ ਪ੍ਰੋਗਰਾਮ ਹੋਵੇਗਾ ਜਿਸਵਿੱਚ ਪੰਜਾਬ ਦੀਆਂ ਸਭਿਆਚਾਰਕ ਟੀਮਾਂ ਤੋਂ ਇਲਾਵਾ ਆਂਧਰਾ ਦੀ ਪ੍ਰਸਿੱਧ ਜਨ-ਨਾਟਯ ਮੰਡਲੀ ਵੀ ਆਪਣਾ ਪ੍ਰੋਗਰਾਮ ਦੇਵੇਗੀ।

**ਨੋਟ :– ਪਿੰਡ ਮਹਿਰਾਜ ਮੰਡੀ ਰਾਮਪੁਰਾ ਫੂਲ ਤੋਂ 4 ਮੀਲ ਦੀ ਵਿੱਥ ਤੇ ਹੈ ਜਿਥੋਂ ਹਰ ਵੇਲੇ ਮਹਿਰਾਜ ਲਈ ਬੱਸਾਂ ਟਾਂਗੇ. ਟੈਂਪੂ ਆਦਿ ਮਿਲ ਸਕਦੇ ਹਨ।]**

## 'ਚਮਕਦਾ ਲਾਲ ਸਿਤਾਰਾ'

**'ਚਮਕਦਾ ਲਾਲ ਸਿਤਾਰਾ'** ਤੂਫ਼ਾਨਾਂ 'ਚ ਪਲ ਕੇ ਜਵਾਨ ਹੋਏ ਨਿੱਕੇ ਚੈਨ-ਸ਼ਾਨ ਦੀ ਲੰਮੀ ਕਹਾਣੀ ਹੈ। ਚੈਨ-ਸ਼ਾਨ, ਜਿਸਨੇ ਪੂਰੇ ਪੰਦਰਾਂ ਸਾਲ ਜ਼ਿੰਦਗੀ ਤੇ ਮੌਤ ਵਿਚਕਾਰ ਖਤਰਨਾਕ ਸਫਰ ਦੌਰਾਨ **'ਚਮਕਦਾ ਲਾਲ ਸਿਤਾਰਾ'** ਆਪਣੇ ਸੀਨੇ ਨਾਲ ਲਾ ਕੇ ਰੱਖਿਆ —ਸਿਤਾਰਾ, ਜੋ ਉਸ ਦਾ ਪਿਤਾ, ਕਾ: ਮਾਓ ਦੀ ਅਗਵਾਈ ਵਿਚ, ਜਪਾਨੀ ਹਮਲਾਵਰਾਂ ਵਿਰੁਧ ਲੜਨ ਲਈ ਲਾਲ ਸੈਨਾ ਨਾਲ ਲੰਮੇ ਕੂਚ' ਤੇ ਜਾਣ ਵੇਲੇ ਉਸ ਨੂੰ ਨਿਸ਼ਾਨੀ ਵਜੋਂ ਦੇ ਗਿਆ ਸੀ;—ਸਿਤਾਰਾ, ਜਿਸ ਦਾ ਰੰਗ, ਜ਼ਾਲਮ ਚਿਆਂਗ ਕਾਈ-ਸ਼ੇਕ ਦੇ ਪਾਲਤੂ ਸਰਦਾਰੜਿਆਂ ਵੱਲੋਂ ਅੱਗ 'ਚ ਸਾੜੀ ਗਈ ਉਸ ਦੀ ਮਾਂ ਦੀ ਸੂਰਮਗਤੀ ਨੇ, ਹੋਰ ਗੂੜ੍ਹਾ ਲਾਲ ਕਰ ਦਿੱਤਾ ਸੀ;—ਅਤੇ ਚੈਨ-ਸ਼ਾਨ, ਜੋ ਇਕੱਲਾ ਹੀ ਲਾਲ ਸੈਨਾ ਦਾ ਸਿਪਾਹੀ ਬਣਨ ਦੀ ਪੱਕੀ ਧਾਰ ਕੇ ਮੁਸੀਬਤਾਂ ਦੇ ਪਹਾੜ ਸਰ ਕਰਦਾ, ਰੜ੍ਹ-ਤਪ ਕੇ ਖ਼ੁਦ ਇਕ **ਚਮਕਦਾ ਲਾਲ ਸਿਤਾਰਾ** ਬਣ ਗਿਆ ਸੀ।

**ਚਮਕਦਾ ਲਾਲ ਸਿਤਾਰਾ** ਇਕਲੇ ਚੈਨ-ਸ਼ਾਨ ਦੀ ਹੀ ਕਹਾਣੀ ਨਹੀਂ, ਬਲਕਿ ਇਸ ਵਿਚ, ਚੀਨ ਅੰਦਰ 1930ਵਿਆਂ ਅਤੇ 40ਵਿਆਂ ਦੇ ਦੋ ਦਹਾਕਿਆਂ ਦੌਰਾਨ ਪਰਵਾਨ ਚੜ੍ਹੀ ਉਸ ਪੂਰੀ ਪੀੜ੍ਹੀ ਦੀ ਕਹਾਣੀ ਸਮੋਈ ਹੋਈ ਹੈ, ਜਿਸ ਨੇ ਧਰਤੀ ਦੀ ਇਕ ਚੌਥਾਈ ਵਸੋਂ ਵਾਲੀ ਚੀਨੀ ਕੌਮ ਦੀ ਮਕਤੀ ਦਾ ਅਦੁੱਤੀ ਮਹਾਂਕਾਵ ਰਚਣ ਲਈ ਅਣਗਿਣਤ ਕੁਰਬਾਨੀਆਂ ਕੀਤੀਆਂ।

ਚੀਨੀ ਲੇਖਕ ਲੀ ਸ਼ਿਨ-ਤੀਅਨ ਵਲੋਂ ਰਚੀ ਇਸ ਕਿਰਤ ਦਾ ਪੰਜਾਬੀ ਅਨੁਵਾਦ **ਚਮਕਦਾ ਲਾਲ ਸਿਤਾਰਾ** ਕ੍ਰਾਂਤੀਕਾਰੀ ਸਾਹਿਤ ਸਭਾ, ਪੰਜਾਬ ਵਲੋਂ ਉਪਰੋਕਤ ਸਾਹਿਤਕ ਸਮਾਗਮ 'ਤੇ ਪੰਜਾਬੀ ਪਾਠਕਾਂ ਲਈ ਜਾਰੀ ਕੀਤਾ ਜਾ ਰਿਹਾ ਹੈ। — **ਕ੍ਰਾਂਤੀਕਾਰੀ ਸਾਹਿਤ ਸਭਾ**, ਪੰਜਾਬ

## 1 ਪੰਜਾਬੀਅਤ ਦਾ ਸੰਕਟ : ਰੀਜ਼ਰਵੇਸ਼ਨ ਇੱਕ ਪੱਖ

ਸਮਤਾ ਜੁਲਾਈ 84 ਵਿੱਚ ਜਸਬੀਰ ਸਿੰਘ ਪੰਜਾਬੀਅਤ ਦਾ ਸੰਕਟ ਰਚਨਾ ਵਿਚ ਰੀਜ਼ਰਵੇਸ਼ਨ 'ਤੇ ਕੁੱਝ ਵਿਚਾਰ ਪੇਸ਼ ਕੀਤੇ ਹਨ। ਜਿਨ੍ਹਾਂ ਦਾ ਪ੍ਰਸੰਗ ਵਿੱਚ ਕੁੱਝ ਕਹਿਣਾ ਬਹੁਤ ਜ਼ਰੂਰੀ ਹੈ।

ਸਾਥੀ ਜਸਬੀਰ ਸਿੰਘ ਵਰਗੇ ਕਰੋੜਾਂ ਲੋਕ, ਜਿੰਨ੍ਹਾਂ ਵਿੱਚ ਅਛੂਤ ਸਛੂਤ ਤੇ ਗੈਰ ਅਛੂਤ ਹਿੰਦੂ ਸਿੱਖ ਤੇ ਦੂਜੇ ਧਰਮਾਂ ਦੇ ਲੋਕ ਵੀ ਸ਼ਾਮਲ ਹਨ, ਇਹ ਨਹੀਂ ਜਾਣਦੇ ਕਿ ਰੀਜ਼ਰਵੇਸ਼ਨ ਕੀ ਹੈ 'ਤੇ ਕਿਉਂ ਹੈ।

ਰੀਜ਼ਰਵੇਸ਼ਨ ਅਜ਼ਾਦ ਭਾਰਤ ਦੇ ਕਾਂਗਰਸੀ ਹਾਕਮਾਂ ਦੀ ਦੇਣ ਨਹੀਂ ਹੈ। ਇਹ 1932 ਵਿੱਚ ਅੰਗਰੇਜ਼ਾਂ ਨਾਲ ਹੋਈਆਂ, ਤਿੰਨ ਗੋਲ ਮੇਜ਼ ਕਾਨਫਰੰਸਾਂ ਵਿੱਚ ਡਾਕਟਰ ਅੰਬੇਦਕਰ ਦੇ ਭਾਰਤ ਦੀ ਸਮਾਜਕ ਵਿਵਸਥਾ ਦੇ ਅਧਾਰ ਉੱਪਰ ਕੀਤੇ ਗਏ ਸੰਘਰਸ਼ ਦਾ ਨਤੀਜਾ ਹੈ। 932 ਤੱਕ ਕਿਸੇ ਵੀ ਅਛੂਤ ਨੂੰ ਜਿੰਨ੍ਹਾਂ ਦੀ ਗਿਣਤੀ ਇਸ ਸਮੇਂ 18 ਕਰੋੜ ਦੇ ਕਰੀਬ ਹੈ ਵਿਦਿਆ ਪ੍ਰਾਪਤ ਕਰਨ ਦਾ, ਸਮਾਜਕ ਸੰਸਥਾਵਾਂ ਵਿੱਚ ਜਾਣਦਾ, ਸਰਕਾਰੀ ਨੌਕਰੀ ਦਾ, ਰਾਜਨੀਤਕ ਖੇਤਰ ਵਿਚ ਪ੍ਰਵੇਸ਼ ਕਰ ਸਕਣ ਦਾ, ਗਲ ਕੀ ਸਿਰ ਉਠਾ ਕੇ ਜਿਉਂ ਸਕਣ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਬ੍ਰਾਹਮਣੀ ਸਮਾਜ ਨੇ ਅਛੂਤ ਤੇ ਸਛੂਤ ਵਰਗ ਦੋਹਾਂ ਤੋਂ ਜ਼ਿੰਦਗੀ ਦੇ ਸਾਰੇ ਅਧਿਕਾਰ ਖੋਹ ਰੱਖੇ ਸਨ। ਇਹਨਾਂ ਲੋਕਾਂ ਦਾ ਜੀਵਨ ਪਸ਼ੂਆਂ ਤੋਂ ਗਿਰਿਆ ਹੋਇਆ ਸੀ (ਅਜਿਹਾ ਅੱਜ ਵੀ ਹੈ)

ਅਜਿਹੀ ਸਥਿਤੀ ਵਿੱਚ, ਮਰਾਠਿਆਂ ਦੇ ਸ਼ੂਦਰ ਰਾਜ ਸਮੇਂ, ਜਿਨ੍ਹਾਂ ਨੇ ਅੰਸ਼ਕ ਰੂਪ ਵਿੱਚ ਬ੍ਰਾਹਮਣੀ ਵਿਚਾਰ-ਧਾਰਾ ਨੂੰ ਤਿਆਗਿਆ। ਡਾਕਟਰ ਅੰਬੇਦਕਰ ਸੀਆ ਜੀ ਰਾਓ ਗਾਇਕਵਾੜ ਦੇ ਯਤਨਾਂ ਸਦਕਾ ਬਾਹਰ ਜਾਕੇ ਵਿਦਿਆ ਪ੍ਰਾਪਤ ਕਰ ਸ਼ਕੇ। ਮਰਾਠਾ ਰਾਜ ਵਿੱਚ ਬ੍ਰਾਹਮਣੀ ਸਮਾਜਕ ਜ਼ੋਰ ਨਾ ਚੱਲ ਸਕਿਆ ਕਿਉਂਕਿ ਇਹ ਸ਼ੂਦਰ ਰਾਜਸੀ ਜਿਸਨੇ ਸ਼ੂਦਰਾਂ ਨੂੰ (ਅਛੂਤ + ਸਛੂਤ) ਫੌਜ 'ਚ ਭਰਤੀ ਕਰ ਲਿਆ ਸੀ ਅਤੇ ਸਕੂਲ ਵੀ ਖੋਲ੍ਹੇ ਸਨ। ਅਜਿਹੀ ਵਿਵਸਥਾ ਵਿੱਚ ਡਾਕਟਰ ਅੰਬੇਦਕਰ ਸੰਸਾਰ ਦੀਆਂ ਉੱਚ ਕੋਟੀ ਦੀਆਂ ਯੂਨੀਵਰਸਟੀਆਂ ਵਿੱਚ ਪੜ੍ਹ ਸਕੇ ਅਤੇ ਵਿਦਿਆ ਦੀ ਮਹਾਨਤਾ ਨੂੰ ਸਮਝ ਸਕੇ ਤੇ ਫਿਰ ਉਹਨਾਂ ਹਿੰਦੂ ਸਮਾਜ ਵਿਚੋਂ ਆਪਣੇ ਅਛੂਤ-ਸਛੂਤ ਲੋਕਾਂ ਦੀ ਤਰਸਯੋਗ ਹਾਲਤ ਬਾਰੇ ਜਾਣਿਆ ਜੋ ਪੂਰਨ ਰੂਪ ਵਿੱਚ ਮਨੁੱਖੀ ਅਧਿਕਾਰਾਂ ਤੋਂ ਵਚਿਤ ਸੀ। ਉਹਨਾਂ ਦੇ ਕੀਤੇ ਲੰਬੇ ਸੰਘਰਸ਼ ਦੇ ਸਿੱਟੇ ਵਜੋਂ ਅੰਗਰੇਜ਼ਾਂ ਨੂੰ ਤਿੰਨ ਗੋਲ ਮੇਜ਼ ਕਾਨਫਰੰਸਾਂ ਕਰਨੀਆਂ ਪਈਆਂ ਤੇ ਅੰਤ ਗਾਂਧੀ ਅਤੇ ਡਾਕਟਰ ਅੰਬੇਦਕਰ ਦੀਆਂ ਬਹਿਸਾਂ ਦੀ ਲੰਬੀ ਸੁਣਵਾਈ ਤੋਂ ਬਾਦ ਫਿਰਕੂ ਇਨਾਮਾਅਧੀਨ ਕੁੱਝ ਰਾਜਨੀਤਕ ਤੇ ਵਿਦਿਅੱਕ ਅਧਿਕਾਰ ਅਛੂਤਾਂ ਨੂੰ ਦੇਣੇ ਪਏ ਜਿਨ੍ਹਾਂ ਦੇ ਖਿਲਾਫ਼ ਪੂਨਾ ਦੀ ਯਰਬਦਾ ਜੇਲ੍ਹ ਵਿਚ ਮਹਾਤਮਾਂ ਗਾਂਧੀ ਨੇ ਮਰਨ ਵਰਤ ਰੱਖਿਆ। ਤੇ ਉਸਨੇ ਕਿਹਾ ਕਿ ਉਹ ਅਛੂਤਾਂ ਨੂੰ ਕਿਸੇ ਤਰ੍ਹਾਂ ਦੇ ਵੀ ਅਧਿਕਾਰਾਂ ਦੇ ਵਿਰੁੱਧ ਹੈ ਇਸ ਲਈ ਉਸਨੇ ਇਹ ਅਧਿਕਾਰ ਵਾਪਸ ਲੈਣ ਲਈ ਅੰਗਰੇਜ਼ ਸਰਕਾਰ ਵਿਰੁੱਧ ਮਰਨ ਵਰਤ ਰੱਖ ਦਿੱਤਾ। ਜਿਸਦੇ ਸਿੱਟੇ ਵਜੋਂ ਮਹਾਤਮਾਂ ਗਾਂਧੀ ਅਤੇ ਡਾ: ਅੰਬੇਦਕਰ ਦੇ ਸਮਝੌਤੇ ਕਾਰਨ ਪੂਨਾ ਪੈਕਟ' ਹੋਇਆ। ਪੂਨਾ ਪੈਕਟ ਵਿੱਚ ਹਿੰਦੂ ਸਮਾਜ ਨੇ ਅਛੂਤਾਂ ਨੂੰ ਕੁੱਝ ਰਾਜਨੀਤਕ ਸੀਟਾਂ ਦਾ ਰਾਖਵਾਂ ਕਰਨ, ਵਿਦਿਅੱਕ ਸਹੂਲਤਾਂ ਅਤੇ ਸਰਕਾਰੀ ਨੌਕਰੀਆਂ ਵਿੱਚ ਕੁਝ ਸਹੂਲਤਾਂ ਪਰਵਾਨ ਕੀਤੀਆਂ। ਜੋ ਧਾਰਾਵਾਂ ਬਾਦ ਵਿੱਚ 1935 ਦੇ ਐਕਟ ਰਾਹੀਂ ਭਾਰਤੀ ਸੰਵਿਧਾਨ ਵਿੱਚ ਸ਼ਾਮਲ ਹੋਈਆਂ।

ਹੁਣ ਡਾਕਟਰ ਅੰਬੇਦਕਰ ਨੂੰ ਰੀਜ਼ਰਵੇਸ਼ਨ ਖਾਤਰ ਸੰਘਰਸ਼ ਕਿਉਂ ਕਰਨਾ ਪਿਆ। ਉਹ ਜਾਣ ਗਏ ਸਨ ਕਿ ਹਿੰਦੂ ਬ੍ਰਾਹਮਣੀ ਸਮਾਜ ਅਛੂਤਾਂ ਨੂੰ ਕੋਈ ਅਧਿਕਾਰ ਵੀ ਦੇਣ ਨੂੰ ਨਾ ਤਿਆਰ ਸੀ ਤੇ ਨਾ ਇਸਨੇ ਹੋਣਾ ਹੈ। ਕਿਉਂਕਿ ਇਹ ਸਮਾਜ, ਸਮਾਜ ਦੇ ਸਾਰੇ ਸਾਧਨਾਂ ਤੇ ਕਾਬਜ਼ ਹੈ ਇਸ ਲਈ ਅਛੂਤ ਇਸ ਦੇ ਸਾਹਮਣੇ ਸਦਾ ਬੇਵੱਸ ਰਹਿਣਗੇ (1980-81 ਵਿੱਚ ਅਛੂਤਾਂ ਦੇ 26 ਹਜ਼ਾਰ ਕਤਲਾਂ ਤੋਂ ਸਾਬਤ ਹੁੰਦਾ ਹੈ ਕਿ ਅੱਜ ਵੀ ਉਹੀ ਵਿਵਸਥਾ ਕਾਇਮ ਹੈ)

ਇਸ ਲਈ ਇਸ ਕਾਬਜ਼ ਸਮਾਜ ਤੋਂ ਕਿਸੇ ਚੀਜ਼ ਦੀ ਪ੍ਰਾਪਤੀ ਦੀ ਆਸ ਨਹੀਂ। ਤਾਂ ਅੰਗਰੇਜ਼ ਸਰਕਾਰ ਨਾਲ ਸੰਘਰਸ਼ ਕਰਕੇ ਕੁਝ ਸਹੂਲਤਾਂ ਡਾਕਟਰ ਅੰਬੇਦਕਰ ਨੇ ਪ੍ਰਾਪਤ ਕਰਕੇ, ਐਕਟ ਵਿਚ ਦਰਜ ਕਰਵਾਈਆਂ ਤਾਂਕਿ ਹਿੰਦੂ ਸਮਾਜ ਫਿਰ ਤੋਂ ਇਸ ਤੋਂ ਇਸਨੂੰ ਖੋਹ ਨਾ ਸਕੇ।

ਡਾਕਟਰ ਸਾਹਿਬ ਜਾਣਦੇ ਸਨ ਕਿ ਸ਼ੂਦਰ ਸਮਾਜ ਨੂੰ ਬ੍ਰਾਹਮਣੀ ਸਮਾਜ ਨ, ਅਨਪੜ੍ਹ ਰੱਖ ਕੇ ਹੀ ਧੋਖੇ ਵਿੱਚ ਰਖਿਆ ਹੈ ਅਤੇ ਇਸ ਸਮਾਜ ਨੇ ਹਰ ਗੈਰ ਮਨੁੱਖੀ ਅਤਿਆਚਾਰ ਕੀਤਾ ਹੈ ਜੋ ਸੰਸਾਰ ਵਿੱਚ ਕਿਧਰੇ ਵੀ ਨਹੀਂ ਦਿਸਦਾ।

ਤਾਂ ਉਹਨਾਂ ਨੇ ਵਿਦਿਅੱਕ ਰੀਜ਼ਰਵੇਸ਼ਨ ਇਸ ਲਈ ਪ੍ਰਾਪਤ ਕੀਤੀ ਕਿ ਕੁੱਝ ਲੋਕ ਪੜ੍ਹ ਸਕਣ। ਗਿਆਨ ਵਾਨ ਹੋ ਸਕਣ ਅਤੇ ਆਪਣੇ ਸਮਾਜ ਦਾ ਭਲਾ ਕਰ ਸਕਣ। ਏਸੇ ਤਰ੍ਹਾਂ ਨੌਕਰੀਆਂ ਵਿੱਚ ਵੀ ਰੀਜ਼ਰਵੇਸ਼ਨ

ਦੀ ਵਿਵਸਥਾ ਕੀਤੀ ਗਈ। ਕਿਉਂਕਿ ਉਹਨਾਂ ਨੂੰ ਯਕੀਨ ਸੀ ਕਿ ਹਿੰਦੂ ਸਮਾਜ ਅਛੂਤਾਂ ਨੂੰ ਕਦੀ ਵੀ ਆਪਣੇ ਬਰਾਬਰ ਨਹੀਂ ਬੈਠਣ ਦੇਵੇਗਾ। ਤਾਂ ਬਰਾਬਰ ਉਠਣ ਲਈ ਉਹਨਾਂ ਨੇ ਰੀਜਰਵੇਸ਼ਨ ਨੂੰ ਇੱਕ ਮਾਤਰ ਸਾਧਨ ਮੰਨਕੇ, ਇਸਦੀ ਸੰਵਿਧਾਨ ਵਿਚੋਂ ਮੁੜ ਵਿਵਸਥਾ ਕੀਤੀ। ਤਾਂਕਿ ਹਿੰਦੂ ਸਮਾਜ ਕੁੱਝ ਕੁ ਮਿਲੀਆਂ ਸਹੂਲਤਾਂ ਨੂੰ ਫਿਰਤੋਂ ਖੋਹ ਨਾ ਸਕੇ।

ਉਹਨਾਂ ਦਾ ਇਸ ਤਰ੍ਹਾਂ ਕਰਨ ਦਾ ਮੰਤਵ ਇਹ ਸੀ ਕਿ ਜੋ ਸ਼ੂਦਰ ਲੋਕ, ਇਸ ਅਣਸੁਖਾਵੇਂ ਮਹੌਲ ਵਿਚ ਪੜ੍ਹ ਸਕਣਕੇ ਉਹਨਾਂ ਨੂੰ ਆਰਥਕ ਤੌਰ 'ਤੇ ਚੁੱਕਣ ਲਈ ਵੀ ਸਾਧਨਾਂ ਦੀ ਜ਼ਰੂਰਤ ਹੈ। ਇਹ ਸਾਧਨ ਹਿੰਦੂ ਸਮਾਜ 'ਤੇ ਨਹੀਂ ਸੁੱਟੇ ਜਾ ਸਕਦੇ ਇਸ ਲਈ ਰੀਜਰਵੇਸ਼ਨ ਨੂੰ ਆਰਥਕਤ ਉਨੰਤੀ ਦਾ ਸਾਧਨ ਬਣਾਇਆ ਗਿਆ ਤੇ ਸਰਬ ਉੱਚ ਕਨੂੰਨ ਵਿੱਚ ਦਰਜ ਕੀਤਾ ਗਿਆ। ਇਸ ਤਰ੍ਹਾਂ ਜਦੋਂ ਕੁੱਝ ਲੋਕ ਕੌਮ ਦੇ ਨਾਂ ਉਤੇ ਵਿਦਿਆ ਪ੍ਰਾਪਤ ਕਰ ਸਕਣਗੇ ਤੇ ਨੌਕਰੀ ਪ੍ਰਾਪਤ ਕਰਕੇ, ਸਾਧਨਹੀਣ ਤੋਂ, ਸਾਧਨੀ ਸਮਾਜ ਵਿਚ ਪ੍ਰਵੇਸ਼ ਕਰਨਗੇ, ਤਾਂ ਜਿਸ ਕੌਮ ਦੇ ਨਾਂ ਤੇ ਰੀਜਰਵੇਸ਼ਨ ਲੈਕੇ ਉਹ ਤਰੱਕੀ ਪਾਉਣਗੇ ਉਸਦੀ ਸੇਵਾ ਵਿੱਚ ਆਪਣੇ ਸਾਧਨ ਜੁਟਾ ਦੇਣਗੇ। ਤੇ ਇਹ ਸਮਾਜ ਕੁਝ ਹੀ ਸਮੇਂ ਵਿਚ ਸਮਾਜਕ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਆਰਥਿਕ ਗੁਲਾਮੀ ਤੋਂ ਛੁਟਕਾਰਾ ਪਾਉਣ ਬਾਰੇ ਸੋਚਣਾ ਸ਼ੁਰੂ ਕਰ ਦੇਵੇਗਾ। ਇਹ ਸੀ ਡਾਕਟਰ ਅੰਬੇਦਕਰ ਦਾ ਸੁਪਨਾ।

ਰਾਜਨੀਤਕ ਖੇਤਰ ਵਿਚੋਂ ਰੀਜਰਵੇਸ਼ਨ ਇਸ ਲਈ ਰੱਖੀ ਕਿ ਸ਼ੂਦਰ ਸਮਾਜ ਦੇ ਜੋ ਲੋਕ ਨੁਮਾਇੰਦੇ ਬਣਕੇ ਉਪਰ, ਵਿਧਾਨ ਸਭਾਵਾਂ ਵਿਚ ਜਾਣਗੇ ਤਾ ਆਪਣੇ ਲੋਕਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਅਵਾਜ਼ ਬੁਲੰਦ ਕਰਨਗੇ। ਪਰੰਤੂ ਹੋਇਆ ਸਭ ਕੁਝ ਉਲਟ।

ਡਾਕਟਰ ਅੰਬੇਦਕਰ ਨੇ ਰੀਜਰਵੇਸ਼ਨ ਨੂੰ ਵਕਤੀ ਤੇ ਸੀਮਤ ਸਾਧਨ ਮੰਨਿਆ ਸੀ ਤੇ ਇਸਦੀ ਵਿਵਸਥਾ 10 ਸਾਲ ਤੱਕ ਕਰਕੇ ਸਮਾਜ ਦੇ ਵਿੱਚ ਪਿਆ ਪਾੜਾ ਖਤਮ ਕਰਨ ਦੀ ਸੋਚੀ ਸੀ।

ਪਰੰਤੂ ਰੀਜਰਵੇਸ਼ਨ ਨੇ ਚਮਚੇ ਪੈਦਾ ਕਰ ਦਿੱਤੇ। ਸਭ ਤੋਂ ਵੱਧ ਨਜਾਇਜ਼ ਫਾਇਦਾ ਕਾਂਗਰਸ ਨੇ ਅਨੇਕ ਤਰ੍ਹਾਂ ਦੇ ਅੰਗੂਠਾ ਟੇਕ ਚਮਚੇ ਪੈਦਾ ਕਰਕੇ ਉਠਾਇਆ ਕੌਮ ਦੇ ਨਾਂ ਤੇ ਉਠਣ ਵਾਲਾ ਹਰ ਆਦਮੀ ਖਰੀਦਿਆ ਗਿਆ। ਕੌਮ ਦੇ ਨਾਂ ਤੇ ਵਿਦਿਆ ਹਾਸਲ ਕਰਕੇ ਵੱਡੇ ਤੋਂ ਵੱਡੇ ਅਹੁਦੇ ਤੇ ਪਹੁੰਚਿਆ ਆਦਮੀ ਜਾਂ ਖਰੀਦਿਆ ਗਿਆ ਜਾਂ ਚਮਚਾ ਬਣਕੇ ਮਾਲਕ ਭਗਤੀ ਵਿਚ ਲੱਗ ਗਿਆ। ਰਹਿੰਦੀ ਖੂੰਹਦੀ ਕਸਰ ਦੂਜੀਆਂ ਸਾਰੀਆਂ ਨੀਲੀਆਂ, ਲਾਲ ਪੀਲੀਆਂ ਪਾਰਟੀਆਂ ਨੇ ਕੱਢ ਦਿੱਤੀ ਜਿੰਨਾਂ ਦੀ ਵਾਗ ਡੋਰ ਲੁਟੇਰੇ ਸਵਰਨ ਸਮਾਜ ਦੇ ਹੱਥ ਵਿਚ ਹੀ ਹੈ। ਸਵਰਨ ਸਮਾਜ ਦਾ ਹਰ ਬੰਦਾ ਕਿਸੇ ਨ ਕਿਸੇ ਰੂਪ ਵਿਚ ਪੈਟੀ ਬੁਰਜੂਆ ਜਮਾਤ ਹੈ। ਉਸਦੀ ਜਾਤੀ ਉਚਤਾ ਹੈ। 75% ਨੀਚ ਪ੍ਰੋਲਤਾਰੀ ਨੂੰ ਲਗਾਤਾਰ ਇਨਕਲਾਬ ਤੋਂ ਦੂਰ ਰਖਦੀ ਆ ਰਹੀ ਹੈ। ਕੌਮ ਦੀ ਸੇਵਾ ਤਾ ਇਕ ਪਾਸੇ ਰਹੀ, ਰੀਜ਼ਰਵੇਸ਼ਨ ਪ੍ਰਾਪਤ ਕਰਨ ਵਾਲੇ ਹਰ ਖੇਤਰ ਦੇ ਲੋਕ ਆਪਣੇ ਹੀ ਭੈਣਾਂ ਭਾਈਆਂ ਅਤੇ ਸਮਾਜ ਨੂੰ ਨਫ਼ਰਤ ਕਰਨ ਲਗ ਪਏ ਅਤੇ ਮੁੱਠੀ ਭਰ ਸਵਰਨ ਸਮਾਜ ਦੇ ਬਗ਼ਲਗੀਰ ਹੋ ਗਏ। ਇਹੋ ਹਾਲ ਨੀਚ ਸਮਾਜ ਦੇ ਪ੍ਰਤੀਨਿਧਾਂ ਦਾ ਹੋਇਆ। ਉਹ ਜਿਸਦਾ ਖਾਣ ਲੱਗੇ ਉਸੇ ਦੇ ਹੋਕੇ ਆਪਣੇ ਸਮਾਜ ਲਈ ਕੁਝ ਵੀ ਕਰਨ ਤੋਂ ਅਸਮਰਥ ਹੋ ਗਏ ਤੇ ਮਾਲਕ ਦੀ ਬੋਲੀ ਬੋਲਣ ਲੱਗੇ।

ਬਾਕੀ ਰਹੀ ਗੱਲ ਕਿ ਰੀਜ਼ਰਵੇਸ਼ਨ ਦਾ ਆਧਾਰ ਕਿਸੇ ਦਾ ਹਿੰਦੂ ਹੋਣਾ ਹੈ। ਇਹ ਸਹੀ ਹੈ। ਇਸ ਉਦਾਹਰਣ ਤੋਂ ਹਿੰਦੂ ਸਵਰਨ ਸਮਾਜ ਦੀ ਮੱਕਾਰੀ ਤੇ ਧੱਖੇਸ਼ਾਹੀ ਦਾ ਪਤਾ ਲਗਦਾ ਹੈ। ਪਰ ਇਸਦਾ ਆਧਾਰ ਜਾਤਪਾਤੀ ਨਾ ਹੋ ਕੇ ਆਰਥਕ ਹੋਵੇ, ਇਹ ਗੱਲ ਅਜੋਕੀ ਸਥਿਤੀ ਵਿਚ ਨਿਰਮੂਲ ਹੈ। ਜਾਤਪਾਤੀ ਵਿਵਸਥਾ ਵਿਚ ਸਾਰੇ ਸਾਧਨ ਸਵਰਨ ਸਮਾਜ ਕੋਲ ਹਨ। ਲੋੜ ਇਸ ਵਿਵਸਥਾ ਨੂੰ ਢਾਹੁਣ ਦੀ ਹੈ।

ਹਾਂ, ਅਛੂਤ ਸਮਾਜ ਦੇ ਲੋਕ ਰੀਜ਼ਵੇਸ਼ਨ ਛੱਡਣ ਨੂੰ ਤਿਆਰ ਹੋ ਸਕਦੇ ਹਨ। ਇਹ ਜਾਣ ਗਏ ਹਨ ਕਿ ਇਹ ਉਹਨਾਂ ਦਾ ਕੋਈ ਹੱਲ ਨਹੀਂ। ਰੀਜ਼ਰਵੇਸ਼ਨ ਤਾਂ ਸ਼ੋਸ਼ਨ ਦਾ ਇਕ ਵਧੀਆ ਤੇ ਕਾਰਗਰ ਸਾਧਨ ਹੈ ਕਿਉਂਕਿ ਜਿਸ ਮੰਤਵ ਲਈ ਇਸ ਦੀ ਵਿਵਸਥਾ ਕੀਤੀ ਗਈ ਸੀ ਉਸਦੀ ਰੂਪ ਰੇਖਾ ਸਵਰਨ ਹਾਕਮਾਂ ਨੇ ਬਦਲ ਕੇ ਆਪਣੇ ਰੁੱਖ ਵਿਚ ਕਰ ਲਈ ਹੈ ਤੇ ਉਹ ਕਾਬਜ ਚਲੇ ਆ ਰਹੇ ਹਨ। ਲੁੱਟ, ਸ਼ੋਸ਼ਨ, ਕਤਲੋਗਾਰਤ ਬਲਾਤਕਾਰ, ਵੇਸਵਾਗਮਨੀ, ਸਾੜਫੂਕ ਕਾਬਜ ਸਵਰਨ ਸਮਾਜ ਦੀ ਦੇਣ ਹੈ।

ਹੁਣ ਜੇ ਉਹ ਲੋਕ ਰੀਜ਼ਰੁਵੇਸ਼ਨ ਤਿਆਗਣ ਨੂੰ ਤਿਆਰ ਹੋ ਜਾਣ ਤਾਂ ਉਹ ਰੀਜ਼ਰਵੇਸ਼ਨ ਵਿਰੋਧੀ ਜਮਾਤ ਜਮਾਤ ਤੋਂ ਇਹ ਮੰਗ ਕਰਨਗੇ ਕਿ ਇਸ ਸਮਾਜ ਵਿਚ ਉਹਨਾਂ ਲਈ ਬਰਾਬਰ ਦੀ ਸਮਾਜਕ ਵਿਵਸਥਾ ਕਰ ਦਿਤੀ ਜਾਵੇ। ਸਾਰੇ ਸਮਾਜ ਵਿਚ ਰੋਟੀ ਤੇ ਬੇਟੀ ਦੀ ਸਾਂਝ ਪੈਦਾ ਕਰ ਦਿਤੀ ਜਾਵੇ। ਸਾਰੇ ਉਹਨਾਂ ਨੂੰ ਬਰਾਬਰ ਦੀ ਇੱਜ਼ਤ ਦੇ ਭਾਈਵਾਲ ਬਣਾ ਲੈਣ। ਬਰਾਬਰ ਦੇ ਆਰਥਕ ਸਾਧਨ ਪੈਦਾ ਕਰਨ ਦਾ ਯਤਨ ਕਰਨ। ਉਹ ਇੱਜ਼ਤ ਨਾਲ ਜਿਉਣਾ ਚਾਹੁੰਦੇ ਹਨ। ਸਮਾਜ ਵਿਚ ਦੂਜੇ ਮਨੁੱਖਾਂ ਦੇ ਬਰਾਬਰ ਦੀ ਇੱਜ਼ਤ ਨਾਲੋਂ ਰੀਜ਼ਰ-

ਵੇਸ਼ਨ ਤਾਂ ਬਹੁਤ ਹੀ ਛੋਟੀ ਤੇ ਤੁਛ ਵਸਤੂ ਹੈ। ਬੇਸ਼ਕ ਰੀਜ਼ਰਵੇਸ਼ਨ ਨੇ ਅਛੂਤ ਸਮਾਜ ਨੂੰ ਇੱਕ ਵਿਸ਼ੇਸ਼ਤਾਕਤ ਪ੍ਰਦਾਨ ਕੀਤੀ ਹੈ। ਪਰੰਤੂ ਇਹ ਤਾਕਤ ਆਪਣੀ ਚਾਰ ਦਿਵਾਰੀ ਤੱਕ ਹੀ ਸੀਮਤ ਹੋ ਕੇ ਰਹਿ ਗਈ। ਅਕੀਦਾ ਧਰਿਆ ਧਰਾਇਆ ਰਹਿ ਗਿਆ। ਅਛੂਤ ਸਮਾਜ ਚਮਚਿਆਂ ਅਤੇ ਝੋਲੀ ਚੁੱਕਾਂ ਦਾ ਸਮਾਜ ਬਣ ਕੇ ਰਹਿ ਗਿਆ। ਪਰੰਤੂ ਅਛੂਤ ਲੋਕ ਕਿਸੇ ਵੀ ਹੋਰ ਮਨੁੱਖੀ ਵਿਵਸਥਾਂ ਦੀ ਅਣਹੋਂਦ ਵਿੱਚ, ਆਪਣੀ ਇਸ ਸਹੂਲਤ ਨੂੰ ਤਿਆਗਣ ਲਈ ਤਿਆਰ ਨਹੀਂ ਹੋਣਗੇ। ਉਹ ਆਪਣੇ ਘੱਟੋ ਘੱਟ ਮਿਲੇ ਅਧਿਕਾਰ ਨੂੰ ਬਿਨਾਂ ਕਿਸੇ ਚੰਗੇ ਬਦਲਦੇ, ਛੱਡਣ ਲਈ ਕਦੀ ਵੀ ਰਾਜ਼ੀ ਨਹੀਂ ਹੋਣਗੇ। ਹਾਲਤ ਇਥੋਂ ਤੀਕ ਪੁੱਜ ਚੁੱਕੇ ਹਨ।

ਅੰਤ ਵਿੱਚ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਰੀਜ਼ਰਵੇਸ਼ਨ ਕਿਸੇ ਦਾ ਬਖਸ਼ਿਆ ਅਧਿਕਾਰ ਨਹੀਂ। ਸੰਘਰਸ਼ ਕਰਕੇ ਸਵਰਨ ਸਮਾਜ ਤੋਂ ਖੋਹਿਆ ਹੋਇਆ ਅਧਿਕਾਰ ਹੈ। ਪਰ ਕਾਸ਼! ਅਛੂਤ ਸਮਾਜ ਦਾ ਇਸ ਅਧਿਕਾਰ ਦੇ ਆਸਰੇ ਉੱਪਰ ਉਠਿਆ ਹਰ ਵਿਅੱਕਤੀ ਇਸ ਦੇ ਮਗਰ ਛੁਪੇ ਅਸਲ ਸੁਫਨੇ ਨੂੰ ਸਮਝ ਸਕਦਾ। ਤਾਂ ਅੱਜ ਮੁੱਠੀ ਭਰ ਸਵਰਨ ਲੋਕ85%ਗਰੀਬ ਮੇਹਨਤ-ਕਸ਼ ਅਤੇ ਸੂਦਰ ਸਮਾਜ ਦਾ ਸੋਸ਼ਨ ਨਾ ਕਰ ਸਕਦੇ ਤੇ ਨਾ ਹੀ ਅੱਜ ਵਾਂਗ ਇਹ ਸਮਾਜ ਦੇ ਸਾਰੇ, ਆਰਥਕ ਸਮਾਜਕ ਰਾਜਨੀਤਕ, ਨੈਤਕ ਧਾਰਮਕ ਸਾਧਨਾਂ ਤੇ ਕਾਬਜ਼ ਹੋ ਸਕਦੇ। ਹਰ ਸੂਝਵਾਨ 'ਤੇ ਸਹੀ ਅਰਥਾਂ ਵਿੱਚ ਇਨ-ਕਲਾਬੀ ਅਤੇ ਸਮਾਜਵਾਦੀ ਵਿਅਕਤੀ ਦਾ ਫਰਜ਼ ਹੈ ਕਿ ਉਹ ਆਪਣੇ ਦੇਸ਼ ਦੀ ਜਮਾਤ ਨੂੰ ਪ੍ਰਛਾਣੇ ਤੇ ਉਸਦੀਆਂ ਮੂਲ ਸਮੱਸਿਆ ਦੇ ਅਧਾਰ ਤੋਂ ਹੀ ਇਨਕਲਾਬੀ ਅਧਾਰ ਪੈਦਾ ਕਰੋ। ਉਹਨਾਂ ਨੂੰ ਹੁਣ ਤੀਕ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਸੇ ਪ੍ਰੋਲਤਾਰੀ ਜਮਾਤ ਦੀਆਂ ਭਾਵਨਾਵਾਂ ਦਾ ਸ਼ੋਸ਼ਨ ਕਰਕੇ ਹੀ ਸਵਰਨ-ਪੂੰਜੀਪਤੀ ਦੇਸ਼ ਦੇ ਸਮੁੱਚੇ ਸਾਧਨਾਂ ਤੇ ਕਾਬਜ਼ ਹੈ। ਇਸ ਪ੍ਰੋਲਤਾਰੀ ਜਮਾਤ ਨੂੰ ਜੋ ਇਨਕਲਾਬੀ ਪੈਂਤੜੇ ਵੱਲ ਮੋੜਨਾ ਹੈ ਤਾਂ ਇਸਦੀਆਂ ਦਬੀਆਂ ਕੁਚਲੀਆਂ ਭਾਵਨਾਵਾਂ ਤੋਂ ਹੀ ਗੱਲ ਉਠਾਉਣੀ ਪਵੇਗੀ। ਨਹੀਂ ਤਾਂ ਹਵਾ ਵੀ ਹੈ ਤੇ ਹੱਥ 'ਚ ਫੜੀਆਂ ਤਲਵਾਰਾਂ ਵੀ। ਤੇ ਪਰਨਾਲਾ..

—ਗੁਰਨਾਮ ਸਿੰਘ

## 2. ਪੰਜਾਬੀਅਤ ਦਾ ਸੰਕਟ

ਸਮਤਾ ਜੁਲਾਈ 84 'ਚ ਜਸਬੀਰ ਸਿੰਘ ਨੇ ਪੰਜਾਬ ਦੀ ਫਿਰਕੂ ਗੜਬੜ ਦੇ ਪਿਛੋਕੜ 'ਚ ਕੁਝ ਬੁਨਿਆਦੀ ਨੁਕਤੇ ਉਠਾਏ ਹਨ ਪਰ ਆਪਣੀਆਂ ਸੀਮਾਵਾਂ 'ਚ ਖ਼ੁਦ ਆਪ ਹੀ ਉਲਝ ਕੇ ਰਹਿ ਗਿਆ। ਬਹੁਤ ਥਾਂਵਾਂ ਤੇ ਸਵੈ-ਵਿਰੋਧ ਝਲਕਦਾ ਹੈ।

ਸਫ਼ਾ 28 ਤੇ ਦੂਸਰੇ ਪਹਿਰੇ 'ਚ ਉਹ ਲਿਖਦਾ ਹੈ, 'ਜੇਕਰ ਕੌਮ ਦੇ ਸਵਾਲ ਨੂੰ ਠੀਕ ਤਰ੍ਹਾਂ ਨਜਿਠਿਆ ਜਾਂਦਾ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਪੰਜਾਬ ਦੇ ਪੈਦਾ ਹੋਏ ਅਜੋਕੇ ਫਿਰਕੂ ਸੰਕਟ ਨੂੰ ਘੱਟ ਨਾ ਕੀਤਾ ਜਾ ਸਕਦਾ।' ਪਰ ਇਹ ਮਸਲਾ ਨਜਿੱਠਣਾ ਕਿਸਨੇ ਸੀ? ਨਿਰਸੰਦੇਹ ਰਾਜਸਤਾ ਤੇ ਕਾਬਜ਼ ਜਮਾਤ ਨੇ। ਤੇ ਉਸ ਕਾਬਜ਼ ਜਮਾਤ ਦੀ ਹੋਂਦ ਲੋਕਾਂ ਨੂੰ ਫਿਰਕੂ ਲੀਹਾਂ ਤੇ ਪਾੜਨ ਤੋਂ ਬਿਨਾਂ ਕਾਇਮ ਹੀ ਨਹੀਂ ਰਹਿ ਸਕਦੀ ਤਾਂ ਉਹ ਲੋਕਾਂ ਨੂੰ ਕਿਉਂ ਨਾ ਪਾੜੇਗੀ।

ਆਪਣੇ ਲੇਖ ਦੇ ਨੰਬਰ 5, 6 ਅਤੇ 7 ਨੁਕਤਿਆਂ 'ਚ ਉਹ ਸਿੱਖ ਲਹਿਰ ਬਾਰੇ ਭਾਵੁਕ ਹੋ ਕੇ ਰਹਿ ਗਿਆ ਹੈ। ਹਰ ਧਰਮ ਪਹਿਲਾਂ ਲਹਿਰ ਦੇ ਰੂਪ 'ਚ ਹੀ ਵਿਗਸਦਾ ਹੈ ਤੇ ਕੋਈ ਵੀ ਲਹਿਰ ਜਿਹੜੀ ਅਧਿਆਤਮ-ਵਾਦ ਦੀਆਂ ਨੀਹਾਂ ਤੇ ਖੜੀ ਹੋਵੇ, ਉਸਨੇ ਅੰਤ 'ਚ ਲੋਕਾਂ ਦੇ ਵਿਰੋਧ 'ਚ ਹੀ ਹੋ ਨਿਬੜਨਾ ਹੁੰਦਾ ਹੈ, ਘੱਟੋ ਘਟ ਸਾਨੂੰ ਤਾਂ ਇਸ ਬਾਰੇ ਭੁਲਖਾ ਨਹੀਂ ਰਹਿਣਾ ਚਾਹੀਦਾ। ਅਸੀਂ ਕਿਉਂ ਇਸ ਸਮੇਂ 'ਚ ਲੋਕਾਂ ਦੇ ਲੜੇ ਸੰਘਰਸ਼ਾਂ ਨੂੰ ਗੌਲਦੇ ਨਹੀਂ, ਭਾਵੇਂ ਉਹਨਾਂ ਦੀਆਂ ਪਰਾਪੰਤੀਆਂ ਕੋਈ ਵੱਡੀਆਂ ਨਾ ਵੀ ਹੋਣ। ਅਸਲ 'ਚ ਬੁਨਿਆਦੀ ਨੁਕਤਾ ਇਹੋ ਹੈ ਜਿਹੜਾ ਗਲਤੀਆਂ ਦੀ ਜੜ ਹੈ ਕਿ ਅਸੀਂ ਇਕ ਜਾਂ ਦੂਸਰੇ ਢੰਗ ਨਾਲ ਭਾਵੁਕ ਹੋ ਕੇ ਸਿਖ ਲਹਿਰ ਚੋਂ ਇਨਕਲਾਬੀ ਅੰਸ਼ ਲਭਣੇ ਸ਼ੁਰੂ ਕਰ ਦੇਂਦੇ ਹਾਂ।

ਸਵਾਲ ਅਸਲ 'ਚ ਇਹ ਨਹੀਂ ਕਿ ਕੋਈ ਮਸਲਾ ਹਲ (ਵਕਤੀ ਤੌਰ ਤੇ) ਹੋ ਗਿਆ ਹੈ ਜਾਂ ਕਿਸੇ ਭਿੰਡਰਾਂ ਵਾਲੇ ਜਾਂ ਪਵਨ ਕੁਮਾਰ ਨੇ ਉਸ 'ਚ ਕੀ ਰੋਲ ਅਦਾ ਕੀਤਾ? ਸਵਾਲ ਅਸਲ 'ਚ ਇਹ ਹੈ ਕਿ ਇਹ ਸਾਰਾ ਕੁਝ ਰਾਜਸਤਾ ਤੇ ਕਾਬਜ਼ ਬੁਰਜੂਆ ਜਮਾਤਾਂ ਵਲੋਂ ਇਕ ਡੂੰਘੀ ਸਾਜਿਸ਼ ਤਹਿਤ ਆਪਣੀ ਕੁਰਸੀ ਦੀ ਰਾਖੀ ਲਈ ਕੀਤਾ ਜਾ ਰਿਹਾ ਹੈ। ਉਂਜ ਸਰਕਾਰ ਭਾਵੇਂ ਆਪਣੇ ਅਫ਼ਿਰਕੂ ਹੋਣ ਦੀਆਂ ਕਿੰਨੀਆਂ ਵੀ ਟਾਹਰਾਂ ਮਾਰੀ ਜਾਵੇ, ਉਹਦੇ 'ਮਰਾਜ਼ੀ ਮਹਿਕਮੇਂ' ਅਖ਼ਬਾਰਾਂ, ਰਸਾਲਿਆਂ 'ਚ ਕਿੰਨੇ ਵੀ ਇਸ਼ਤਿਹਾਰ ਕਿਉਂ ਨਾ ਜਾਰੀ ਕਰੀ ਜਾਣ ਪਰ ਜਦ ਤਕ ਜੜ੍ਹ ਹੈ, ਬੂਟਾ ਪੁੰਗਰਦਾ ਵੀ ਰਹੇਗਾ। ਪਹਿਲੀ ਜਮਾਤ ਤੋਂ ਲੇ ਕੇ ਉਪਰਲੀਆਂ ਜਮਾਤਾਂ ਤੱਕ ਕੋਈ ਵੀ ਕੋਰਸ ਦੀ ਕਿਤਾਬ ਚੁੱਕ ਲਵੋ, ਉਸ 'ਚ ਥਾਂ ਥਾਂ ਫਿਰਕੂ ਜ਼ਹਿਰ ਅਸਿੱਧੇ ਤੌਰ ਤੇ ਭਰਿਆ ਹੁੰਦਾ ਹੈ। ਸਿਖਾਂ ਨੂੰ ਬਹਾਦਰ। ਗੁਰੂ ਤੇਗ ਬਹਾਦਰ ਨੂੰ ਹਿੰਦੂ ਧਰਮ ਦੇ ਰਖਿਅਕ ਤੇ ਕਿਸੇ ਖ਼ਾਸੇ ਰਾਜਪੂਤਾਂ, ਜਾਟਾਂ ਜਾਂ ਮਰਹਟਿਆਂ ਨੂੰ ਫੂਕ ਦਿਤੀ ਹੁੰਦੀ ਹੈ। ਇਹ ਪੜ ਪੜ ਕੇ ਆਪਣੇ ਉੱਚ ਹੋਣ ਦਾ ਖਿਆਲ ਤਾਂ ਜ਼ਿਹਨ 'ਚ ਘਰ ਕਰੇਗਾ ਹੀ। ਉਂਜ ਵੀ ਜੇ ਰਤਾ ਗਹੁ ਨਾਲ ਅਧਿਐਨ ਕਰੀਏ

ਤਾਂ ਅਸੀਂ ਦੇਖਾਂਗੇ ਕਿ ਫਿਰਕੂ ਜ਼ਹਿਰ ਦਾ ਸ਼ਿਕਾਰ ਬਹੁਤਾ ਪੜਿਆ ਲਿਖਿਆ ਤਬਕਾ ਹੀ ਹੈ (ਪੜੇ ਲਿਖੇ ਤੋਂ ਮੇਰਾ ਭਾਵ ਸਿਰਫ਼ ਜਮਾਤਾਂ ਪਾਸ ਕਰਨ ਵਾਲਿਆਂ ਤੋਂ ਹੈ) ਪਿੰਡ ਦੇ ਕਿਸੇ ਅਨਪੜ੍ਹ, ਸਿਧੇ ਸਾਦੇ ਕਿਸਾਨ ਨੂੰ ਕੋਈ ਦੂਸਰਾ ਧਰਮ ਨਹੀਂ ਵੱਢਦਾ ।

ਤੁਹਾਡਾ ਇਸ ਵਾਰ ਦਾ ਸੰਪਾਦਕੀ 'ਆਓ, ਇਸ ਧਰਤੀ ਤੇ ਇਕ ਨਵੇਂ ਕਾਂਡ ਦਾ ਆਰੰਭ ਕਰੀਏ' ਸਹੀ ਸੇਧ ਦਿੰਦਾ ਹੈ । ਪਰਚੇ ਦਾ ਬਾਕੀ ਮੈਟਰ ਵੀ ਪੰਜਾਬ ਸਮਸਿਆ ਨੂੰ ਫੋਕਸ ਰਖਦਾ ਹੈ ਤੇ ਸਹੀ ਕੌਣ ਹੈ ? ਗਲਤ ਕੌਣ ਹੈ ? ਕਿਸਨੇ ਮਾਹੌਲ ਨੂੰ ਵਿਗਾੜਨ ਲਈ ਕੀ ਰੋਲ ਅਦਾ ਕੀਤਾ ? ਦੀ ਸਮਝ ਬਣਾਉਣ 'ਚ ਸਹਾਈ ਹੁੰਦਾ ।

ਕਹਾਣੀਆਂ ਦੋਵੇਂ ਵਧੀਆ ਹਨ ਸਿਰਫ਼ 'ਜਿੰਦਰ' ਕਿਤੇ ਕਿਤੇ ਆਪਣੀ ਕਹਾਣੀ 'ਇਹ ਤਾਂ ਸ਼ੁਰੂਆਤ ਹੈ' 'ਚ ਲੋੜੋਂ ਵਧੇਰੇ ਭਾਵੁਕ ਹੋ ਗਿਆ ਲਗਦਾ ਹੈ ।

—ਬਲਬੀਰ ਪਰਵਾਨਾ

### 3. ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਬਾਰੇ

'ਸਮਤਾ' ਵਿਚ ਦੋ ਲਿਖਤਾਂ ਕਮਿਊਨਿਸਟਾਂ ਵਿਚ ਮਤਭੇਦ ਤੇ ਏਕਤਾ ਦੇ ਮਸਲੇ ਬਾਰੇ ਛਪੀਆਂ ਹਨ । ਸਮੇਂ ਸਮੇਂ ਸਿਰ ਹੋਰ ਵਿਅਕਤੀਆਂ ਤੇ ਗਰੁੱਪਾਂ ਵਲੋਂ ਵੱਖ ਵੱਖ ਪੇਪਰਾਂ ਵਿਚ ਇਹ ਮਸਲਾ ਉਭਾਰਿਆ ਜਾਂਦਾ ਰਿਹਾ ਹੈ । ਜੋ ਇਸ ਗਲ ਦੀ ਸੂਚਕ ਹੈ ਕਿ ਸਾਰੇ ਇਨਕਲਾਬੀ ਏਕਤਾ ਕਰਨ ਦੀ ਕਿੰਨੀ ਡੂੰਘੀ ਤਾਂਘ ਰਖਦੇ ਹਨ ਪਰ ਹਾਲਤ ਦੀ ਸਿਤਮਜ਼ਰੀਫੀ ਇਹੀ ਹੈ ਕਿ ਸਭ ਸ਼ੁਭ ਇਛਾਵਾਂ ਦੇ ਬਾਵਜੂਦ ਮਸਲਾ ਉਥੇ ਦਾ ਉਥੇ ਹੀ ਰਿਹਾ, ਸਗੋਂ ਬਦਤਰ ਹੁੰਦਾ ਗਿਆ । ਇਨਕਲਾਬੀ ਗਰੁੱਪਾ ਨੂੰ ਛੱਡ ਕੇ ਇਕਲੇ ਇਕਹਿਰੇ ਵਿਅਕਤੀਆਂ ਤਕ ਵੰਡੇ ਗਏ । ਇਹ ਤੱਥ ਇਹ ਦਰਸਾਉਂਦਾ ਹੈ ਕਿ ਮਸਲਾ ਬੇਹੱਦ ਗੰਭੀਰ ਹੈ । ਪਰ ਇਸ 'ਬੇਹੱਦ-ਗੰਭੀਰ' ਮਸਲੇ ਨੂੰ ਸੁਲਝਾਇਆ ਕਿਵੇਂ ਜਾਵੇ—ਅੱਜ ਇਕ ਪਹਾੜ ਜੇਡਾ ਸੁਆਲ ਹੈ ।

ਕੁਝ ਕਮਿਊਨਿਸਟ ਇਨਕਲਾਬੀ ਗਰੁੱਪਾਂ ਨੇ ਏਕਤਾ ਕਰਨ ਲਈ ਇਕ ਸਾਂਝਾ ਪੇਪਰ ਕੱਢਣ ਦੀ ਕੋਸ਼ਿਸ਼ ਕੀਤੀ ਹੈ । ਪਰ ਇਸਦਾ ਹਸ਼ਰ ਉਹੀ ਹੋਵੇਗਾ, ਜੋ ਪਹਿਲਾਂ 'ਲਿਬਰੇਸ਼ਨ' ਨਾਲ ਹੋਇਆ ਹੈ । ਤੰਗਨਜ਼ਰੀ, ਸੰਕੀਰਣਤਾਵਾਦ, ਆਪਾਧਾਪੀ, ਅੰਤਰਮੁਖਤਾ ਸਾਡੇ ਜ਼ਿਹਨ 'ਚ ਪਹਿਲਾਂ ਵਾਂਗ ਹੀ ਰਚੀ ਹੋਈ ਹੈ, ਜੋ ਜਮਹੂਰੀ ਕੇਂਦਰਵਾਦ ਦੀਆਂ ਧੱਜੀਆਂ ਉਡਾ ਦਿੰਦੀ ਹੈ । ਅੱਜ ਹਰ ਕੋਈ ਜਮਹੂਰੀ ਕੇਂਦਰਵਾਦ ਬਾਰੇ ਵਡੇ ਤੋਂ ਵੱਡਾ ਲੈਕਚਰ ਦੇ ਸਕਦਾ ਹੈ, ਪਰ ਅਮਲ 'ਚ ਉਹੀ ਚਾਰ ਜਣਿਆਂ ਦੇ ਗਰੁੱਪ ਦੋ 'ਚ ਵਟਣ ਲਈ ਤਿਆਰ ਹੁੰਦਾ ਹੈ । ਇਹ ਕਿਉਂ ? ਮਤਭੇਦਾਂ ਦੇ ਹੁੰਦੇ ਹੋਏ ਅਸੀਂ ਇਕੱਠੇ ਚਲਣ ਲਈ ਤਿਆਰ ਕਿਉਂ ਨਹੀਂ ? ਤੇ ਇਹ ਉਸੇ ਤੰਗਨਜ਼ਰ ਗੈਰ ਪ੍ਰੋਲੇਤਾਰੀ ਸੋਚ ਦਾ ਸਿੱਟਾ ਹੁੰਦਾ ਹੈ । ਅਸੀਂ ਆਪਣੇ ਤੋਂ ਵੱਖਰੀ ਰਾਇ ਬਰਦਾਸ਼ਤ ਨਹੀਂ ਕਰਦੇ । ਇਹ ਵਰਤਾਰਾ ਸਧਾਰਨ ਲੋਕਾਂ ਨਾਲ ਵੀ ਵਾਪਰਦਾ ਹੈ ਤੇ ਕਿਸੇ ਜਥੇਬੰਦੀ ਦੇ ਚੇਤੰਨ ਕਾਮਰੇਡਾਂ 'ਚ ਵੀ ਉਪਰੋਕਤ ਔਗੁਣ ਦੀ ਨੁਮਾਇਸ਼ ਹੁੰਦੀ ਹੈ । ਇਸਦਾ ਅਸਲੀ ਕਾਰਨ ਕਮਿ. ਇਨਕਲਾਬੀਆਂ ਦਾ ਮੱਧ ਸ਼੍ਰੇਣੀ ਵਰਗ 'ਚੋਂ ਆਏ ਹੋਣਾ ਹੈ । ਅਗਾਂਹ ਇਥੇ ਕੋਈ ਜਮਾਤੀ ਜਦੋਜਹਿਦਾਂ ਨਹੀਂ ਚਲ ਰਹੀਆਂ, ਜੋ ਇਨਕਲਾਬੀ ਕਾਰਕੁੰਨਾਂ (ਪੈਟੀ ਬੁਰਜੂਆ) ਦਾ ਪ੍ਰੋਲੇਤਾਰੀ-ਕਰਨ ਕਰ ਸਕਣ । ਸਾਡੇ ਕਰਿੰਦੇ ਇਸ ਗਲੋਂ ਸੱਖਣੇ ਰਹਿੰਦੇ ਹਨ ਤੇ ਹਰ ਇਕ ਨੂੰ 'ਮੈਂ ਦਰੁਸਤ ਹਾਂ, ਮੇਰੀ ਲਾਈਨ ਦਰੁਸਤ ਹੈ' ਦਾ ਅਹਿਸਾਸ ਵੱਧ ਡਕਤੋਂ ਰਹਿੰਦਾ ਹੈ, ਕਿਉਂਕਿ ਕਿਸੇ ਦੀ ਵੀ ਲਾਈਨ ਤਜਰਬੇ 'ਚ ਪਰਖੀ ਪਰਤਿਆਈ ਨਹੀਂ ਜਾਂਦੀ, ਨਾਂ ਹੀ ਦਹਾਕਿਆ ਬੱਧੀ ਕੋਈ ਲਾਈਨ ਪਾਸ ਹੁੰਦੀ ਹੈ ਤੇ ਨਾਂ ਹੀ ਕੋਈ ਰੱਦ । ਇਸਨੂੰ ਲੈ ਕੇ ਜਦੋਂ ਮਰਜ਼ੀ ਕੋਈ ਆਪਦੀ ਢਾਈ ਮੁੱਠ ਦੀ ਖਿੱਚੜੀ ਅੱਡ ਪਕਾ ਲਵੇ, ਕਿਉਂਕਿ ਲਾਈਨ ਨੇ ਅਮਲੀ ਰੂਪ ਦੀ ਹੋਂਦ ਨਾ ਹੋਣ ਕਰਕੇ ਕਦੇ ਰੱਦ ਨਹੀਂ ਹੋਣਾ ਹੁੰਦਾ ਤੇ ਇਸ ਤਰ੍ਹਾਂ ਉਸ ਗਰੁੱਪ ਤੇ ਵਿਅਕਤੀਆਂ ਦੀ ਤੰਗਨਜ਼ਰੀ ਨੇ ਵਿਸ਼ਾਲ ਨਜ਼ਰ 'ਚ ਨਹੀਂ ਬਦਲਣਾ ਹੁੰਦਾ । ਜਮਾਤੀ ਢਲਾਈ ਬੁਨਿਆਦੀ ਜਮਾਤਾਂ ਦੇ ਜਾਣ ਨਾਲ ਹੀ ਹੋ ਸਕਦੀ ਹੈ, ਮੱਧ ਸ਼ਰੇਣੀ ਦੀਆਂ ਜਦੋ ਜਹਿਦਾਂ ਨਾਲ ਨਹੀਂ । ਜਮਾਤੀ ਜਦੋ ਜਹਿਦਾਂ 'ਚੋਂ ਆਏ ਕਾਰਕੁਨਾਂ ਦੀ ਚੇਤੰਨ ਨਜ਼ਰ ਲੀਡਰਸ਼ਿਪ ਤੇ ਦਬਾਅ ਵਜੋਂ ਰਹਿੰਦੀ ਹੈ ਤੇ ਉਨਾਂ ਨੂੰ ਗਲਤ ਪੈਂਤੜੇ ਲੈਣ ਵਜੋਂ ਹਟਕਦੀ ਹੈ । ਜਮਾਤੀ ਜਦੋਜਹਿਦਾਂ ਤਿੱਖੀਆ ਹੋਣ ਦੀ ਸੂਰਤ 'ਚ ਜੀ ਹਜ਼ੂਰੀਆ, ਜੋ ਪੈਟੀ ਬੁਰਜੂਆ ਰੁਝਾਨ ਹੀ ਹੈ, ਦੀ ਗਿਣਤੀ ਘੱਟ ਜਾਂਦੀਆਂ ਹੈ ।

ਅੱਜ ਦੀ ਮੁੱਖ ਲੋੜ ਹਕੀਕੀ ਅਧਾਰ ਤੇ ਏਕਾ ਉਸਾਰਨ ਦੀ ਲੋੜ ਹੈ । ਤੇ ਇਹ ਸਬਰ ਵਾਲਾ ਰਾਹ ਇਹੀ ਹੋ ਸਕਦਾ ਹੈ ਕਿ ਬੁਨਿਆਦੀ ਜਮਾਤਾਂ 'ਚ ਜਾਇਆ ਜਾਵੇ, ਸਿਧਾਂਤ ਤੇ ਅਮਲ ਦਾ ਮੇਲ ਹੋਵੇ ਤੇ ਲਾਈਨ ਦੀ ਪਰਖ ਹੋਵੇ । ਇਹੀ ਕਾਰਕੁੰਨਾਂ ਦੀ ਜਮਾਤੀ ਢਲਾਈ ਵੀ ਕਰ ਸਕੇਗੀ ਤੇ ਫਿਰ ਮਤਭੇਦਾਂ ਦੇ ਰਹਿੰਦੇ ਹੋਏ ਇਸ ਸਹਿਣਸ਼ੀਲਤਾ ਨਜ਼ਰੀਏ ਨੂੰ ਅਪਣਾ ਕੇ ਜਮਹੂਰੀ ਕੇਂਦਰ-ਵਾਦ ਨੂੰ ਲਾਗੂ ਕਰਨ ਦਾ ਅਧਾਰ ਵਧ ਜਾਂਦਾ ਹੈ । ਇਸ ਬਿਨਾਂ ਏਕਤਾ ਦੀਆਂ ਗੱਲਾਂ ਕਰਨੀਆਂ ਜ਼ਮੀਨ ਤੋਂ ਉਪਰ ਉੱਠਣਾ ਹੀ ਹੈ ਤੇ ਅਸੀਂ ਆਪਣੀਆਂ ਸਾਰੀਆਂ ਸ਼ੁਭ

ਕਾਮਨਾਵਾਂ ਦੇ ਬਾਵਜੂਦ ਆਪਣਾ ਮਕਸਦ ਹਲ ਨਹੀਂ ਕਰ ਸਕਾਂਗੇ ਤੇ 'ਪਾਰਟੀਆਂ' ਦੀਆਂ 'ਪੰਦਰਵੀਆਂ ਵਰ੍ਹੇਗੰਢਾਂ' ਤੇ 'ਏਕਤਾ ਦੇ ਸੰਕਲਪ' ਦੁਹਰਾਉਣੇ. ਫਜ਼ੂਲ ਹੋਵੇਗਾ । **ਅੰਮ੍ਰਿਤ**

## 4. ਇਕ ਚਿੱਠੀ

ਕਹਾਣੀ 'ਇਹ ਤਾਂ ਸ਼ੁਰੂਆਤ ਹੈ' ਵਿਚ ਜਿੰਦਰ ਸਮਾਜਗਤ ਸੰਕਟ ਦੇ ਆਰਪਾਰ ਪੇਂਡੂ ਮੁੱਲ ਵਿਧਾਨ ਨੂੰ ਉਲੀਕਣ 'ਚ ਇਕ ਲਹਿਰ ਵਜੋਂ ਸਮਰਥ ਰਿਹਾ ਹੈ ਪਰ ਕਹਾਣੀ ਵਿਚ ਢਿੱਲੀਆਂ ਤੰਦਾਂ ਨੂੰ ਕਸਣ 'ਚ ਅਸਮਰਥ ਵੀ ਰਿਹਾ ਹੈ । ਸਾਡੇ ਸਾਹਿਤ ਵਿਚ ਸਮਾਜਿਕ ਗਲੀਜ਼ਪੁਣੇ ਨੂੰ ਜਿਉਂ ਦਾ ਤਿਉਂ ਤੇ ਅਤੁਕਬਨੀ ਰੂਪ ਵਿਚ ਪੇਸ਼ ਕਰਨ ਦਾ ਨਕਾਰਾਤਮਕ ਝੁਕਾਅ ਪ੍ਰਬਲ ਰਿਹਾ ਹੈ । ਜ਼ਰੂਰੀ ਨਹੀਂ ਕਿ ਬਲਾਤਕਾਰ ਦੇ ਦ੍ਰਿਸ਼ ਕਥਾ ਵਿਆਖਿਆ 'ਚ ਪਾਠਕਾਤ ਰੂਪ ਵਿਚ ਦ੍ਰਿਸ਼ਟਮਾਨ ਹੋਣ । ਤੇ ਜ਼ਰੂਰੀ ਇਹ ਵੀ ਨਹੀਂ ਕਿ ਇਸ ਕਿਸਮ ਦੇ ਰੁਝਾਨ ਰਾਹੀਂ ਹਰ ਪਾਠਕ ਨਾਲ ਬਲਾਤਕਾਰ ਕੀਤਾ ਜਾਵੇ । ਜੋ ਕੁਝ ਸੰਕੇਤਕ ਰੂਪ ਵਿਚ ਸਪਸ਼ਟ ਕਿਹਾ ਜਾ ਸਕਦਾ ਹੈ ਉਸ ਨੂੰ **ਰਾਣੀ ਉਠਦੀ ਹੈ ਤੇ ਲਹੂ ਭਿੱਜੀ ਅੰਡਰਵੀਅਰ ਵਿੰਦਰ ਦੇ ਅੱਗੇ ਸੁੱਟ ਦਿੰਦੀ ਹੈ** ਵਰਗਾ ਘਿਨਾਉਣਾ ਦ੍ਰਿਸ਼ ਜ਼ਰੂਰੀ ਨਹੀਂ ਕਿ ਉਲੀਕਿਆ ਜਾਵੇ ।

ਮੈਂ ਸਾਹਿੱਤ ਵਿਚ ਅਜਿਹੀ ਪ੍ਰਕਿਰਿਆ ਉਲੀਕਣ ਦੇ ਖਿਲਾਫ਼ ਹਾਂ ਜਿਹੜੀ ਦ੍ਰਿਸ਼ਟਮਾਨ ਸੰਸਾਰ ਵਿਚੋਂ ਵਿਵਰਜਿਤ ਰੂਪ ਵਿਚ ਵਿਚਰ ਰਹੀ ਹੈ। ਸਾਡਾ ਸਭਿਆਚਾਰ ਇਸ ਗੱਲ ਦੀ ਉੱਕਾ ਹੀ ਇਜਾਜ਼ਤ ਨਹੀਂ ਦਿੰਦਾ ਕਿ ਕੋਈ ਵਿਅਕਤੀ ਖੁੱਲਮਖੁੱਲਾ ਕਿਸੇ ਔਰਤ ਦਾ ਚੁੰਮਣ ਲਏ । ਸਾਹਿੱਤ ਵਿਚ ਇਸ ਕਿਸਮ ਦਾ ਰੁਝਾਨ ਇਨਕਲਾਬੀ ਸਫ਼ਾਂ 'ਚ ਮਾਰੂ ਸਾਬਿਤ ਹੁੰਦਾ ਹੈ । ਕੀ ਅਸੀਂ ਇੰਨੇ ਹੀ ਗਏ ਗੁਜ਼ਰੇ ਹਾਂ ਕਿ ਸਾਡੀਆਂ ਧੀਆਂ ਭੈਣਾਂ ਨੂੰ, ਉਹਨਾਂ ਨਾਲ ਹੋਈ ਵਧੀਕੀ ਦਾ ਸਬੂਤ ਸ਼ਰੇ-ਆਮ ਪੰਚਾਇਤ ਵਿਚ ਆਪਣੇ ਅੰਡਰਵੀਅਰ ਵਿਖਾ ਕੇ ਦੇਣਾ ਪਵੇ । ਸਦਾਚਾਰਕ ਮੁੱਲ ਵਿਧਾਨ ਵਿਚ ਇਹ ਲੱਛਣ ਗੈਰ-ਵਿਧਾਨਕ ਹਨ । **ਗੁਰਮੀਤ ਕੱਲਰ ਮਾਜਰੀ**

## 5. ਇਕ ਚਿੱਠੀ

ਹੁਣੇ ਸਮਤਾ ਮਿਲਿਆ ਤੇ ਸਾਰਾ ਪੜ੍ਹ ਲਿਆ । ਤੁਸੀਂ ਬਹੁਤ ਮਿਹਨਤ ਨਾਲ ਹਵਾਲਿਆਂ ਸਹਿਤ ਅੰਮ੍ਰਿਤਸਰ ਦੇ ਖ਼ੂਨੀ ਸਾਕੇ ਦਾ ਵਿਵੇਚਣ ਕੀਤਾ ਹੈ । ਵਧਾਈ ਕਬੂਲ ਕਰਨੀ—ਪਰ ਮੇਰੀ ਅਲਪ ਬੁਧੀ ਇਹ ਅਨੁਭਵ ਕਰਦੀ ਹੈ ਕਿ ਤੁਹਾਡੀ ਟਿਪਣੀ ਤੇ ਦਿਤੇ ਹਵਾਲੇ 'ਪਹੇ' ਨੂੰ ਪਿਟਦੇ ਦਿਸਦੇ ਹਨ 'ਪਹਿਆ' ਪੌਣ ਵਾਲੇ ਸਹੇ ਤੋਂ ਅਨਜਾਣ ਹਨ ਜਾਂ ਸੁਚੇਤ ਉਸ ਤੋਂ ਕੰਨੀ ਕਤਰਾ ਰਹੇ ਹਨ ਸਜੀ, ਖ਼ਬੀ, ਕਾਲੀ, ਚਿੱਟੀ, ਭਗਵੀ ਤੇ ਬੇਰੰਗੀ ਸਭ ਸਿਆਸੀ ਪਾਰਟੀਆਂ ਘਰ ਵਿਚ ਗੁਆਚੀ ਸੂਈ ਚੁਰਸਤੇ ਵਿਚ ਲਭ ਰਹੀਆਂ ਹਨ । ਸੂਈ ਲਭਣਾ ਉਨ੍ਹਾਂ ਦਾ ਉਦੇਸ਼ ਨਹੀਂ ਬੁਧੂ ਬਣਾ ਕੇ ਕੁਝ ਹਥਿਆਉਣਾ ਉਦੇਸ਼ ਹੈ । ਜੇ ਸਹੇ ਨੂੰ ਫੜਨ ਦਾ ਯਤਨ ਕਰਦੇ ਤਾਂ ਗੁਰਦਿਆਲ ਦਲਾਲ ਹੀ 'ਸਮਝ ਤਾਂ ਮੈਂ ਤੇਰੀ' ਤੂੰ ਕੰਦੀ ਸਮਤਾ ਵਿਚ ਥਾਂ ਨਾ ਮਿਲਦਾ ਕਿਉਂਕਿ 'ਸਹਿਆ' ਆਸਕਤਾ ਤੇ ਨਾਸਕਤਾ ਨਹੀਂ, ਸਹੇ ਨੂੰ ਫੜਨ ਦੀ ਥਾਂ ਛਾਪੇ ਲਾ ਕੇ ਪਹਿਆ ਬੰਦ ਕਰਨ ਵਾਲਾ ਜ਼ਿਮੀਦਾਰ ਪਹਿਆ ਚੌੜਾ ਕਰਾ ਬੈਠਿਆ ਕਰਦਾ ਸੀ । ਲੋਕ ਛਾਪਿਆਂ ਦੇ ਨਾਲ ਦੀ ਖੇਤ ਵਿਚੋਂ ਦੀ ਲੰਘ ਜਾਇਆ ਕਰਦੇ ਹਨ ।

ਸਹੇ ਨੂੰ ਨਾ ਫੜਨ ਕਾਰਨ ਹੀ ਤਨਾਉ ਵਧ ਰਿਹਾ ਸਾਰਾ ਪ੍ਰਚਾਰ ਪਾੜ ਵਧਾ ਰਿਹਾ ਹੈ ਕਿਉਂਕਿ ਚੀਰੇ ਚੀਰ ਗਨੇਰੀਆਂ ਦੀ ਖੇਡ ਭਾਵ ਕੁਰਸੀ ਹਥਿਆਉਣ ਵਾਲੀ ਖੇਡ ਦੇ ਝਨੇਠੂ ਜਾਣਦੇ ਹਨ ਕਿ ਲਕੀਰਾਂ ਵਾਹੁਣ ਨਾਲ ਨਹੀਂ ਅਮਲੇ ਦੀਆਂ ਵਾਹੀਆਂ ਲੀਕਾਂ ਮਿਟਾਉਣ ਨਾਲ ਜਿਤਿਆ ਜਾ ਸਕਦਾ ਹੈ । ਜੋ ਗਾ ਰਹੇ ਹਨ 'ਏਧਰ ਵੋਟਰ ਓਧਰ ਵੋਟਰ ਵਿਚ ਕੁਰਸੀ ਗੱਡੀ, ਵੋਟਰਾਂ ਦੀ ਫਸਲ ਅਸੀਂ ਬਰਛਿਆਂ ਨਾ ਵੱਢੀ ।

ਇਹ ਤਾਂ ਸ਼ੁਰੂਆਤ ਹੈ' ਸੁਜਾਨ ਸਿੰਘ ਦੀ 45 ਸਾਲ ਪਹਿਲੇ ਲਿਖੀ ਕਹਾਣੀ 'ਇਜ਼ਤ ਦਾ ਸੁਆਲ' ਦਾ ਕਮਜ਼ੋਰ ਉਤਾਰਾ ਹੈ । **ਗੁਰਦਿਆਲ ਸਿੰਘ ਫੁਲ**

## 5 ਜੁਲਾਈ 1984 ਦੀ ਸਮਤਾ ਬਾਰੇ

ਜੁਲਾਈ ਦੀ ਸਮਤਾ ਤੇ ਨਜ਼ਰ ਮਾਰਿਆਂ ਇਹ ਦੂਜੀ ਧਿਰ ਦੇ ਪਰਚਿਆਂ ਨਾਲੋਂ ਕਿਸੇ ਗੁਲੋਂ ਵੀ ਵੱਖਰਾ ਨਹੀਂ ਲਗਦਾ ਸਗੋਂ ਰੋਜ਼ਾਨਾ ਅਖ਼ਬਾਰਾਂ ਵਿਚੋਂ ਕਤਰਨਾਂ ਲੈ ਕੇ ਆਪਣੀ ਜਾਨ ਛੁਡਾਈ ਗਈ ਲਗਦੀ ਹੈ । 'ਨੀਲਾ ਤਾਰਾ' ਦਾ ਅੱਖੀਂ ਡਿੱਠਾ ਹਾਲ ਇੰਡੀਆਂ ਟੂਡੇ ਤੋਂ ਲੈ ਕੇ ਛਾਪ ਦਿੱਤਾ ਗਿਆ ਹੈ । ਕੋਈ ਦਿੱਲੀ, ਬੰਬਈ ਬੈਠਾ ਪਤਰਕਾਰ ਤਾਂ ਏਹੋ ਜੇਹੇ ਲੇਖ ਉਧਾਰੇ ਲੈ ਕੇ ਛਾਪ ਦੇਵੇ ਤਾਂ ਸਮਝ ਆਉਂਦੀ ਹੈ ਪਰ ਭਾਜੀ ਹੁਰੀਂ ਅੰਮ੍ਰਿਤਸਰ ਵਿਚ ਰਹਿੰਦੇ ਹੋਏ ਇਹੋ ਜੇਹੇ ਲੇਖ ਉਧਾਰੇ ਲੈ ਕੇ ਸਮਤਾ ਵਿਚ ਛਾਪਣ, ਇਹ ਗੱਲ ਸਮਝ ਨਹੀਂ ਆਉਂਦੀ । ਖੱਬੀ ਧਿਰ ਦੇ ਪਤਰਕਾਰਾਂ ਦਾ ਆਪਣਾ ਫਰਜ਼ ਬਣਦਾ ਹੈ ਕਿ ਉਹ ਸਰਮਾਏਦਾਰ ਪਤਰਕਾਰਾਂ ਨਾਲੋਂ ਵੱਖਰੇ ਤਰੀਕੇ ਨਾਲ ਘਟਨਾਵਾਂ ਨੂੰ ਵੇਖਣ ਤੇ ਉਹਨਾਂ ਦੀ ਚੀਰਫਾੜ ਮਾਰਕਸੀ ਨੁਕਤੇ ਨਿਗਾਹ ਤੋਂ ਕਰਕੇ ਸਚਾਈ ਨੂੰ ਲੋਕਾਂ ਸਾਹਮਣੇ ਲਿਆਉਣ । ਮਜ਼ੇਦਾਰ ਗੱਲ ਇਹ ਹੈ ਕਿ ਸਰਮਾਏਦਾਰ ਪ੍ਰੈਸ ਤਾਂ ਘਟਨਾਵਾਂ ਲਭਣ ਲਈ ਯਤਨ ਕਰ ਰਹੀ ਹੈ ਪਰ ਅਸੀਂ ਇਸ ਬਾਰੇ ਉਹਨਾਂ ਦੀਆਂ

ਵੈਸਾਖੀਆਂ ਨਾਲ ਤੁਰ ਰਹੇ ਹਾਂ। ਜਦ ਕਿ ਸਰਕਾਰੀ ਮੀਡੀਆ ਤਾਂ ਬਿਲਕੁਲ ਝੂਠ ਬੋਲ ਰਿਹਾ ਹੈ। ਅਸੀਂ ਅਕਾਲੀਆਂ ਤੇ ਅਤਵਾਦੀਆਂ ਦੀ ਤਾਂ ਡੱਟਕੇ ਅਲੋਚਨਾ ਕਰ ਸਕਦੇ ਹਾਂ, ਪਰ ਸਰਕਾਰ ਦੀ ਨਹੀਂ।

ਬਹੁਤ ਸਾਰੇ ਲੋਕ ਜੋ ਯਾਤਰੂ ਜਾਂ ਸ਼ਰੋਮਣੀ ਕਮੇਟੀ ਦੇ ਮੈਂਬਰ ਸਨ ਉਹ ਛੱਡੇ ਜਾ ਚੁਕੇ ਸਨ ਜੋ ਇਸ 'ਨੀਲੇ ਤਾਰੇ' ਦੀਆਂ ਕਾਲੀਆਂ ਕਰਤੂਤਾਂ ਬਾਰੇ ਦਸ ਰਹੇ ਸਨ। ਫੌਜੀ ਅਫਸਰ ਵੀ ਤਾਂ ਰੋਜ਼ ਆ ਕੇ ਆਪਣੇ ਸਕੇ ਸਬੰਧੀਆਂ ਨੂੰ ਅੰਦਰਲੇ ਹਾਲਾਤਾਂ ਬਾਰੇ ਦਸਦੇ ਹੀ ਸਨ। ਅੰਮ੍ਰਿਤਸਰ ਦੇ ਸ਼ਹਿਰੀ ਜਿਨਾਂ ਦੀ ਨੀਂਦ ਕਈ ਰਾਤਾਂ ਹਰਾਮ ਰਹੀ ਹੈ ਉਹ ਤਾਂ ਖੁਦ ਇਸ ਫੌਜੀ ਕਾਰਵਾਈ ਬਾਰੇ ਭਲੀ ਭਾਂਤ ਜਾਣਦੇ ਹਨ। ਫਿਰ ਕੁਝ ਲਾਸ਼ਾਂ ਦਾ ਪੋਸਟ-ਮਾਰਟਮ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਦੇ ਡਾਕਟਰਾਂ ਨੇ ਕੀਤਾ ਸੀ ਤੇ ਇਹ ਲਾਸ਼ਾਂ ਗੰਦ ਢੋਣ ਵਾਲੀਆਂ ਗੱਡੀਆਂ ਵਿਚ ਲਦਕੇ ਸਫਾਈ ਕਰਮਚਾਰੀਆਂ, ਪੁਲੀਸ ਤੇ ਹੋਮ-ਗਾਰਡ ਵਾਲਿਆਂ ਢੋਈਆਂ ਸਨ। ਕੀ ਇਹ ਸਭ ਲੋਕ ਇਸ ਮਾਤ ਲੋਕ ਵਿਚ ਨਹੀਂ ਸਨ? ਇਹ ਏਥੇ ਹੀ ਰਹਿੰਦੇ ਸਨ ਤੇ ਇਹਨਾਂ ਨੂੰ ਮਿਲਿਆ ਜਾ ਸਕਦਾ ਸੀ, ਜੇ ਮਿਲਣਾ ਹੋਵੇ ਤਾਂ। ਹੋਰਾਂ ਦੇ ਲਾਗੇ ਇਕ ਸ਼ਹੀਦੀ ਜਥੇ 'ਚੋਂ ਬਹੁਤ ਸਾਰੇ ਲੋਕ ਮਾਰ ਦਿਤੇ ਗਏ। ਜਿਸ ਬਾਰੇ 'ਇੰਡੀਆ ਟੂਡੇ' ਨੇ ਕਿਤੇ ਜ਼ਿਕਰ ਨਹੀਂ ਕੀਤਾ ਤੇ ਸਮਤਾ ਨੂੰ ਕੀ ਇਸ ਬਾਰੇ ਪਤਾ ਨਹੀਂ ਲਗ ਸਕਿਆ। ਸਮਤਾ ਦੀ ਸਾਰੀ ਰਿਪੋਟ ਸਰਕਾਰੀ ਕਰਨ ਤੋਂ ਬਿਨਾਂ ਕੀ ਹੈ?

ਇਸ ਵਾਰ ਦੀ ਸਮਤਾ ਦੀ ਸੰਪਾਦਕੀ ਪੜਕੇ ਤਾਂ ਇਸ ਤਰਾਂ ਲਗਦਾ ਹੈ ਜਿਵੇਂ ਪੰਜਾਬ ਦੇ ਪਾਠਕਾਂ ਨੂੰ ਗੁਰਬਖਸ਼ ਸਿੰਘ ਮੁੜ ਮਿਲ ਗਿਆ ਹੋਵੇ।

**ਰਾਬਿੰਦਰ ਸਿੰਘ ਬਾਠ**

## ਸੰਪਾਦਕੀ ਨੋਟ

ਕੁਝ ਚੋਣਵੀਆਂ ਰਾਵਾਂ ਜੋ ਸਮਤਾ ਦੇ ਦੋ ਅੰਕਾਂ ਵਿਚ ਦਿੱਤੀਆਂ ਗਈਆਂ ਅਤੇ ਹੋਰ ਜੋ ਕੁਝ ਪ੍ਰੈਸ ਵਿਚ ਆ ਰਿਹਾ ਹੈ ਜਾਂ ਸਰਕਾਰ ਦੇ ਚਿੱਟੇ ਪਰਚੇ, ਰੇਡੀਓ, ਟੈਲੀਵੀਜ਼ਨ ਵਿਚ ਪਰਚਾਰਿਆ ਜਾ ਰਿਹਾ ਹੈ ਅਤੇ ਇਹਦੇ ਨਾਲ ਹੀ ਪੰਜਾਬ ਦੇ ਜਨਜੀਵਨ ਤਜਰਬੇ ਦੇ ਆਧਾਰ ਤੇ ਅਦਾਰਾ ਸਮਤਾ ਦੀ ਜੋ ਰਾਇ ਬਣਦੀ ਹੈ, ਹੇਠਲੇ ਪੈਰਿਆਂ ਵਿਚ ਉਹ ਅੰਕਿਤ ਕੀਤੀ ਗਈ ਹੈ।

o ਪਹਿਲੀ ਵੱਡੀ ਗੱਲ ਜੋ ਸਾਹਮਣੇ ਆਂਦੀ ਹੈ, ਉਹ ਇਹ ਹੈ ਕਿ ਭਿੰਡਰਾਂਵਾਲਾ ਦੀ ਕਮਾਨ ਥੱਲੇ ਕੰਮ ਕਰ ਰਹੇ ਅਤਿਵਾਦੀ ਅਤੇ ਉਹਨਾਂ ਦਾ ਜਨੂੰਨੀ ਫਲਸਫਾ ਜਿਸਦੇ ਰਾਜਸੀ, ਆਰਥਿਕ ਅਤੇ ਸਭਿਆਚਾਰਕ ਕਾਰਨ (ਜੋ ਅੱਗੇ ਜਾ ਕੇ ਵਿਸਥਾਰ ਨਾਲ ਵਿਚਾਰੇ ਜਾਣਗੇ) ਕੁਝ ਵੀ ਹੋਣ ਪੰਜਾਬ ਦੇ ਜਨਜੀਵਨ ਲਈ, ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਹੈਰਜਨ ਸਭ ਆਂਦੇ ਹਨ, ਇਕ ਗੰਭੀਰ ਖਤਰਾ ਬਣ ਚੁੱਕੇ ਸਨ, ਇਹਨਾਂ ਨਾਲ ਸਖਤੀ ਨਾਲ ਨਿਪਟਣਾ ਜਨਜੀਵਨ ਦੇ ਹਿੱਤ ਵਿਚ ਸੀ।

o ਭਾਵੇਂ ਸਰਕਾਰ ਵੱਲੋਂ ਜਾਰੀ ਕੀਤੇ ਚਿੱਟੇ ਪਰਚੇ ਵਿਚ ਇਸ ਗੱਲ ਦੀ ਜ਼ਿੰਮੇਵਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਪਾਈ ਗਈ ਹੈ ਕਿ ਉਹਨੇ ਭਿੰਡਰਾਂਵਾਲਾ ਨੂੰ ਦਰਬਾਰ ਸਾਹਿਬ ਵਿਚ ਥਾਂ ਦੇ ਕੇ ਹਥਿਆਰ ਇਕੱਠੇ ਕਰਨ ਅਤੇ ਹੋਰ ਕਾਰਵਾਈਆਂ ਕਰਨ ਦੀ ਸਹੂਲਤ ਦਿੱਤੀ ਪਰ ਸਾਡੀ ਸਮਝ ਵਿਚ ਸਰਕਾਰ ਇਸ ਮਾਮਲੇ ਵਿਚ ਬਰਾਬਰ ਦੀ ਦੋਸ਼ੀ ਹੈ ਕਿ ਉਹਨੇ ਸਮੇਂ ਸਿਰ ਵਾਜਬ ਕਾਰਵਾਈ ਨਹੀਂ ਕੀਤੀ, ਸਗੋਂ ਕਈ ਹਾਲਤਾਂ ਵਿਚ ਸਰਕਾਰੀ ਪ੍ਰਬੰਧਕੀ ਵੱਲੋਂ ਇਸਨੂੰ ਸ਼ਹਿ ਦਿੱਤੀ ਗਈ।

o ਸਰਕਾਰ ਇਸ ਗੱਲ ਦੀ ਵੀ ਦੋਸ਼ੀ ਹੈ ਕਿ ਉਹ ਪੰਜਾਬ ਦੇ ਮਸਲੇ ਦਾ ਸਿਆਸੀ ਹੱਲ ਲੱਭਣ ਵਿਚ ਅਸਫਲ ਰਹੀ ਹੈ। ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦੀ ਇਸ ਗੱਲ ਵਿਚ ਪੂਰਾ ਵਜ਼ਨ ਹੈ ਕਿ ਅਕਾਲੀ ਨਹੀਂ ਸਗੋਂ ਸਰਕਾਰ ਸਮਝੌਤੇ ਕਰਕੇ ਬਾਅਦ ਵਿਚ ਇਹਨਾਂ ਸਮਝੌਤਿਆਂ ਤੋਂ ਪਿਛਾਂਹ ਹਟੀ। ਸਰਕਾਰ ਦੀ ਇਹ ਅਯੋਗਤਾ ਸੀ ਅਤੇ ਨਾਲ ਹੀ ਥਕਾਉਣ ਵਾਲੀ ਲੰਮੀ ਗੱਲਬਾਤ ਰਾਹੀਂ ਅਕਾਲੀਆਂ ਦੇ ਨਰਮ ਧੜੇ ਨੂੰ ਗੁੱਠੇ ਲਗਾਉਣ ਦੀ ਸਾਜ਼ਿਸ਼ ਸੀ, ਜੋ ਪੰਜਾਬ ਵਿਚ ਅਤਿਵਾਦੀਆਂ ਸਰਗਰਮੀਆਂ ਫੈਲਾਉਣ ਵਿਚ ਇਕ ਵੱਡਾ ਕਾਰਨ ਬਣੀ।

o ਪੰਜਾਬ ਦਾ ਪ੍ਰਬੰਧਕੀ ਤਾਣਾ ਬਾਣਾ ਜੇਕਰ ਬਿਲਕੁਲ ਬੇਹਿੱਸ ਹੋ ਗਿਆ ਤਾਂ ਇਹਦੀ ਜ਼ਿੰਮੇਵਾਰੀ ਵੀ ਕੇਂਦਰੀ ਸਰਕਾਰ ਅਤੇ ਖਾਸ ਕਰਕੇ ਪ੍ਰਧਾਨ ਮੰਤਰੀ ਉਤੇ ਆਂਦੀ ਹੈ ਕਿਉਂਕਿ ਭਾਵੇਂ ਦਰਬਾਰਾ ਸਿੰਘ ਸਰਕਾਰ ਸੀ ਤੇ ਭਾਵੇਂ ਗਵਰਨਰੀ ਰਾਜ ਸੀ, ਹਿਦਾਇਤਾਂ ਤਾਂ ਸਿੱਧੀਆਂ ਪ੍ਰਧਾਨ ਮੰਤਰੀ ਵੱਲੋਂ ਆਂਦੀਆਂ ਸਨ। ਕਾਤਲਾਂ ਨੂੰ ਪਨਾਹ ਦੇਣ ਦਾ ਇਲਜ਼ਾਮ ਜੇਕਰ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਆਂਦਾ ਹੈ ਤਾਂ ਕਾਤਲਾਂ ਨੂੰ ਉਥੇ ਪਹੁੰਚਣ ਤੋਂ ਪਹਿਲਾਂ ਕਾਬੂ ਨਾ ਕਰਨ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਸਰਕਾਰ ਉਤੇ ਆਂਦੀ ਹੈ। ਇਹੋ ਗੱਲ ਦਰਬਾਰ ਸਾਹਿਬ ਕੰਪਲੈਕਸ ਵਿਚ ਹਥਿਆਰਾਂ ਦਾ ਜ਼ਖੀਰਾ ਜਮ੍ਹਾਂ ਹੋਣ ਦੇਣ ਉਤੇ ਵੀ ਲਾਗੂ ਹੁੰਦੀ ਹੈ। ਇਹ ਭੁਲਣਾ ਨਹੀਂ ਚਾਹੀਦਾ ਕਿ ਫੌਜੀ ਕਾਰਵਾਈ ਤੋਂ ਪਹਿਲਾਂ 500 ਬੇਗੁਨਾਹ ਲੋਕ, ਜਿਸ ਵਿਚ ਪੁਲਸ ਕਰਮਚਾਰੀ ਵੀ ਸ਼ਾਮਲ ਹਨ, ਪ੍ਰਬੰਧਕੀ ਢਾਂਚੇ ਦੀ ਨਾਲਾਇਕੀ ਕਰਕੇ ਆਪਣੀ ਜਾਨ ਤੋਂ ਹੱਥ ਧੋ ਬੈਠੇ ਸਨ। ਸਰਕਾਰ ਦੀ ਇਸ ਅਯੋਗਤਾ ਦੀ ਬਲੀ ਤੇ ਪਹਿਲੇ ਦਰਬਾਰਾ ਸਿੰਘ ਚੜ੍ਹਾਇਆ ਗਿਆ ਤੇ ਫੇਰ ਗਵਰਨਰ ਪਾਂਡੇ ਭਾਵੇਂ ਸਿੱਧੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ

ਦੀ ਆਪਣੀ ਸੀ ਤੇ ਜੇ ਕੋਈ ਅਸਤੀਫਾ ਦੇਣਾ ਬਣਦਾ ਵੀ ਸੀ ਤਾਂ ਉਹ ਪ੍ਰਧਾਨ ਮੰਤਰੀ ਦਾ ਆਪਣਾ ਬਣਦਾ ਸੀ, ਪ੍ਰਧਾਨ ਮੰਤਰੀ ਦੀ ਸਿਆਣਪਤ ਅਤੇ ਸੁਹਿਰਦਤਾ ਤੇ ਕਿੰਤੂ ਕਰਨਾ ਲੋਕਾਂ ਦਾ ਹੱਕ ਬਣਦਾ ਹੈ।

o ਭਿੰਡਰਾਂਵਾਲਾ ਆਪ ਨਹੀਂ, ਸਗੋਂ ਭਿੰਡਰਾਂਵਾਲਾ ਅਤੇ ਉਹਦੇ ਸਾਥੀਆਂ ਨਾਲ ਨਿਪਟਣ ਲਈ ਜੋ ਜੰਗੀ ਪੱਧਰ ਤੇ ਕਾਰਵਾਈ ਕੀਤੀ ਗਈ, ਇਹ ਅਸਲ ਵਿਚ ਹਿੰਦੂ ਅਤੇ ਸਿੱਖ ਦੀ ਵੱਖ ਵੱਖ ਰਾਏ ਬਣਨ ਦੀ ਜਾਂ ਵਾਦ-ਵਿਵਾਦ ਕਾਰਨ ਬਣੀ। ਇਹਦੇ ਬਾਰੇ ਦੋ ਰਾਵਾਂ ਸਨ, ਇਕ ਰਾਏ ਅਨੁਸਾਰ ਇਸ ਪੱਧਰ ਦੀ ਕਾਰਵਾਈ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਦੂਜੀ ਰਾਏ ਸੀ ਕਿ ਸੀਮਤ ਕਮਾਂਡੋ ਕਾਰਵਾਈ ਨਾਲ ਜਾਂ ਕਿਸੇ ਰਾਜਸੀ ਮਦਾਖ਼ਲਤ ਰਾਹੀਂ ਇਹ ਕੰਮ ਸਿਰੇ ਚੜਾਇਆ ਜਾ ਸਕਦਾ ਸੀ, ਉਸ ਹਾਲਤ ਵਿਚ ਅਕਾਲ ਤਖ਼ਤ ਜਾਂ ਦਰਬਾਰ ਸਾਹਿਬ ਦੇ ਕੰਪਲੈਕਸ ਦਾ ਨੁਕਸਾਨ ਨਾ ਹੁੰਦਾ ਤੇ ਨਾ ਹੀ ਹਜ਼ਾਰਾਂ ਦੀ ਗਿਣਤੀ ਵਿਚ ਬੇਗੁਨਾਹ ਲੋਕ ਮਾਰੇ ਜਾਂਦੇ ਜਾਂ ਵੱਡੀ ਗਿਣਤੀ ਵਿਚ ਫੌਜੀ ਜੁਵਾਨਾਂ ਦਾ ਨੁਕਸਾਨ ਹੁੰਦਾ। ਪਰ ਇਸ ਸਾਰੀ ਕਾਰਵਾਈ ਦੇ ਪਿੱਛੇ ਜੇਕਰ ਮੰਤਵ ਦਾ ਨੋਟਿਸ ਲਈਏ ਤਾਂ ਇਹ ਵਾਦ-ਵਿਵਾਦ ਕੋਈ ਅਰਥ ਨਹੀਂ ਰੱਖਦਾ। ਬਾਅਦ ਦੀਆਂ ਘਟਨਾਵਾਂ, ਜਿਸ ਵਿਚ ਕਾਰ ਸੇਵਾ ਵੀ ਸ਼ਾਮਿਲ ਹੈ, ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਇੰਦਰਾ ਗਾਂਧੀ ਵੱਲੋਂ ਵਿੱਢੀ ਗਈ ਇਸ ਕਾਰਵਾਈ ਦਾ ਨਿਸ਼ਾਨਾ ਸਿਰਫ਼ ਭਿੰਡਰਾਂਵਾਲਾ ਹੀ ਨਹੀਂ ਸੀ, ਸਗੋਂ ਅਕਾਲੀਆਂ ਦੀ ਸਿਆਸੀ ਤਾਕਤ ਤੋੜਨਾ ਸੀ ਅਤੇ ਜਿਸ ਤਰ੍ਹਾਂ, ਇਸ ਅੰਕ ਵਿਚ ਦਿਤੀ ਗਈ ਇਕ ਚਿੱਠੀ ਵਿਚ ਦਸਿਆ ਗਿਆ ਹੈ, ਇਹਦਾ ਵੱਡਾ ਮੰਤਵ ਸਮੁੱਚੇ ਭਾਰਤ ਵਿਚ ਲੋਕਾਂ ਦੀ ਸੰਘਰਸ਼ ਸ਼ਕਤੀ ਦਾ ਲੱਕ ਤੋੜਨਾ ਸੀ। ਪੰਜਾਬ ਦੇ ਬਾਹਰ ਜਮਹੂਰੀ ਸ਼ਕਤੀਆਂ ਨੇ, ਇਹ ਗੱਲ ਇਕਦਮ ਭਾਂਪ ਲਈ ਸੀ। ਇਸੇ ਲਈ ਉਹਨਾਂ ਨੇ 9 ਜੂਨ ਨੂੰ ਹੀ 'ਮਿਲਟਰੀ ਐਕਸ਼ਨ' ਵਿਰੁੱਧ ਲੋਕਾਂ ਦੀ ਰਾਏ ਲਾਮਬੰਦ ਕਰਨ ਲਈ ਇਕ ਕਮੇਟੀ ਬਣਾ ਲਈ ਸੀ। ਜੁਲਾਈ ਸਮਤਾ ਵਿਚ ਇਹਦਾ ਜ਼ਿਕਰ ਕੀਤਾ ਗਿਆ ਸੀ। ਇਸ ਕਮੇਟੀ ਦੇ ਮੈਂਬਰਾਂ ਨੇ (ਜਿਨ੍ਹਾਂ ਵਿਚ ਸਗੋਂ ਸਿੱਖ ਕੋਈ ਨਹੀਂ ਸੀ) ਫੌਜੀ ਕਾਰਵਾਈ ਵਿਰੁੱਧ ਵਿਖਾਵੇ ਵੀ ਕੀਤੇ ਅਤੇ ਦਫਾ 141 ਤੋੜ ਕੇ ਗ੍ਰਿਫਤਾਰੀਆਂ ਵੀ ਦਿਤੀਆਂ। ਬਹੁਤ ਸਾਰੀਆਂ ਵਿਰੋਧੀ ਪਾਰਟੀਆਂ, ਜਿਨ੍ਹਾਂ ਵਿਚ ਖੱਬੀਆਂ ਪਾਰਟੀਆਂ ਵੀ ਸ਼ਾਮਿਲ ਹਨ, ਫੌਜੀ ਕਾਰਵਾਈ ਨਾਲ ਸਹਿਮਤੀ ਵਿਖਾਣ ਵੇਲੇ ਇਸ ਮਹੱਤਵ-ਪੂਰਬ ਪਹਿਲੂ ਦਾ ਨੋਟਿਸ ਲੈਣ ਤੋਂ ਅਸਫਲ ਰਹੀਆਂ ਭਾਵੇਂ ਇਸ ਗੱਲ ਦੀ ਤਸੱਲੀ ਹੈ ਕਿ ਹੁਣ ਉਹਨਾਂ ਨੂੰ ਵੀ ਇਸ ਬਾਰੇ ਭੁਲੇਖਾ ਨਹੀਂ ਰਹਿ ਗਿਆ ਕਿ ਫੌਜੀ ਕਾਰਵਾਈ ਦਾ ਅਸਲ ਮੰਤਵ ਕੀ ਸੀ। ਪਾਰਲੀਮੈਂਟ ਦੀ ਪਹਿਲੇ ਦੋ ਦਿਨਾਂ ਦੀ ਡੀਬੇਟ ਹੀ ਇਸ ਗੱਲ ਦਾ ਸੂਚਕ ਹੈ। ਪਹਿਲੇ ਨਾਗਾਲੈਂਡ ਸੀ, ਮੀਜ਼ੋਰਾਮ ਸੀ, ਆਸਾਮ ਸੀ, ਹੁਣ ਪੰਜਾਬ ਹੈ, ਸਿੱਕਮ ਹੈ, ਕਸ਼ਮੀਰ ਹੈ। ਪ੍ਰਧਾਨ ਮੰਤਰੀ ਦੀ ਰਾਜਨੀਤੀ ਦਾ ਇਹ ਦਸਤੂਰ ਬਣ ਗਿਆ ਹੈ ਕਿ ਕਿਸੇ ਮਾਮਲੇ ਦਾ ਸਿਆਸੀ ਹੱਲ ਨਾ ਕੀਤਾ ਜਾਏ ਤੇ ਜਦੋਂ ਸਥਿਤੀ ਵਿਗੜ ਕੇ ਕਾਬੂ ਤੋਂ ਬਾਹਰ ਜਾਂਦੀ ਦਿਸੇ ਤਾਂ ਫੌਜੀ ਦਖਲਅੰਦਾਜ਼ੀ ਨਾਲ ਵਿਰੋਧੀਆਂ ਦੀ ਪਿੱਠ ਲਗਾਈ ਜਾਏ। ਪੱਤ੍ਰਕਾਰ ਅਰੁਨ ਸ਼ੋਰੀ ਦਾ ਇਹ ਸਵਾਲ ਬਹੁਤ ਢੁੱਕਵਾਂ ਹੈ ਕਿ ਕੀ ਦੇਸ਼ ਦੀ ਰਾਜਨੀਤੀ ਇਥੋਂ ਤੱਕ ਨਿਘੱਰ ਗਈ ਹੈ ਕਿ ਸਾਡੇ ਕੋਲ ਹਰ ਸਿਆਸੀ ਮਸਲੇ ਦਾ ਹੱਲ ਫੌਜ ਤੋਂ ਸਿਵਾ ਹੋਰ ਕੁਝ ਨਹੀਂ ਰੈਹ ਗਿਆ? ਫੌਜੀ ਕਾਰਵਾਈ ਦੇ ਸਮਰਥਕਾਂ ਨੂੰ ਭਾਰਤ ਦੀ ਰਾਜਨੀਤੀ ਵਿਚ ਇਸ ਖਤਰਨਾਕ ਰੁਝਾਣ ਦਾ ਜ਼ਰੂਰ ਨੋਟਿਸ ਲੈਣਾ ਚਾਹੀਦਾ ਹੈ।

o ਫੌਜ ਦੀ ਸਿਵਲ ਮਸਲਿਆਂ ਵਿਚ ਲੰਮੇ ਅਰਸੇ ਲਈ ਦਖਲਅੰਦਾਜ਼ੀ ਉਹਦੀ ਦੇਸ਼ ਦੀ ਰੱਖਿਆ ਵਾਲੀ ਜ਼ਿੰਮੇਵਾਰੀ ਵਿਚ ਕਿਸ ਤਰ੍ਹਾਂ ਵਿਘਣ ਪਾਂਦੀ ਹੈ, ਇਹਦਾ ਸੰਕੇਤ ਇਸ ਅੰਕ ਵਿਚ ਦਿੱਤੀ ਇਕ ਫੌਜੀ ਦੀ ਚਿੱਠੀ ਤੋਂ ਵੀ ਮਿਲਦਾ ਹੈ ਅਤੇ ਜੈਨਰਲ ਸਿਨਹਾ ਵਰਗੇ ਰੀਟਾਇਰਡ ਫੌਜੀ ਜਰਨੈਲਾਂ ਦੇ ਪ੍ਰੈਸ ਬਿਆਨਾਂ ਤੋਂ ਵੀ ਮਿਲਦਾ ਹੈ। ਲੋਕਾਂ ਦੀ ਜਾਨੋਮਾਲ ਦੀ ਹਿਫਾਜ਼ਤ ਲਈ 'ਸਿਵਲ' ਦੇ ਪ੍ਰਬੰਧਕੀ ਢਾਂਚੇ ਦੇ ਸੁਧਾਰ ਕਰਨ ਦੀ ਜ਼ਰੂਰਤ ਹੈ ਨਾ ਕਿ ਫੌਜ ਨੂੰ ਪੱਕੇ ਤੌਰ ਤੇ ਇਹ ਜ਼ਿੰਮੇਵਾਰੀ ਸੌਂਪਣੀ ਹੈ। ਫੌਜ ਨੇ ਕੁਝ ਪਿੰਡਾਂ ਵਿਚ ਅਤਿਵਾਦੀਆਂ ਨੂੰ ਫੜਨ ਦੇ ਮੰਤਵ ਨਾਲ ਜਾਂ ਪੁੱਛ ਨਾਲ ਜੋ ਜ਼ਿਆਦਤੀਆਂ ਕੀਤੀਆਂ ਹਨ, ਉਹ ਫੌਜ ਦੇ ਵਕਾਰ ਤੇ ਧੱਬਾ ਹਨ। ਇਸ ਲਈ ਫੌਜ ਦੀ ਪੰਜਾਬ ਦੇ ਸਿਵਲ ਪ੍ਰਬੰਧ ਤੋਂ ਵਾਪਸੀ ਦੀ ਮੰਗ ਲੋਕਾਂ ਅਤੇ ਫੌਜ ਦੋਨਾਂ ਦੇ ਹਿੱਤ ਵਿਚ ਹੈ। ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਫੌਜ ਉਸ ਵੇਲੇ ਤੱਕ ਵਾਪਸ ਨਹੀਂ ਬੁਲਾਈ ਜਾਵੇਗੀ, ਜਦੋਂ ਤੱਕ ਹਾਲਾਤ ਨਾਰਮਲ ਨਾ ਹੋ ਜਾਣ। ਹਾਲਾਤ ਨਾਰਮਲ ਸਿਆਸੀ ਫੈਸਲਿਆਂ ਨਾਲ ਹੁੰਦੇ ਹਨ, ਨਾ ਕਿ ਫੌਜ ਦੇ ਰੋਹਬ ਨਾਲ। ਜਵਾਹਰ ਲਾਲ ਦੀ ਧੀ ਦੀ ਸੋਚ ਜਨਰਲ ਜ਼ਿਆ ਦੀ ਸੋਚ ਬਣ ਗਈ ਹੈ।

o ਫੌਜ ਦੀ ਗੱਲ ਕਰਦਿਆਂ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਫੌਜ ਨੂੰ ਜਿਹੜਾ ਕੰਮ ਸੌਂਪਿਆ ਗਿਆ ਸੀ, ਇਹ ਉਹਨਾਂ ਦੀ ਬਹੁਤੀ ਪਸੰਦ ਦਾ ਨਹੀਂ ਸੀ। ਇਕ ਫੌਜੀ ਦੀ ਚਿੱਠੀ ਵਿਚ ਫੌਜੀਆਂ ਦੇ ਜਜ਼ਬਾਤ ਦੀ ਕਾਫੀ ਸਹੀ ਤਰਜਮਾਨੀ ਕੀਤੀ ਗਈ ਹੈ। ਸਾਡਾ ਫਰਜ਼ ਬਣਦਾ ਹੈ ਕਿ ਫੌਜੀ ਐਕਸ਼ਨ ਦੀ ਵਿਰੁੱਧਤਾ ਫੌਜ

Registered with the Registrar, News Papers, Vide No. MA/12397-D dated 18.4.80
Post Office No. P/AR—133

ਦੀ ਜਾ ਫੌਜ ਦੇ ਜਵਾਨਾਂ ਦੀ ਵਿਰੁਧਤਾ ਵਿਚ ਨਾ ਬਦਲੇ। ਉਹ ਵੀ ਸਾਧਾਰਨ ਲੋਕਾਂ ਵਿਚੋਂ ਹਨ।

o ਪੰਜਾਬ ਦੇ ਸੰਕਟ ਨੇ ਇਹ ਗੱਲ ਵੀ ਸਾਹਮਣੇ ਲੈ ਆਂਦੀ ਹੈ ਕਿ ਭਾਵੇਂ ਭਾਰਤ ਦੇ ਵਿਧਾਨ ਦਾ ਆਧਾਰ ਧਰਮ ਨਿਰਪੇਖਤਾ ਤੇ ਹੈ, ਪਰ ਹਾਕਮ ਜਮਾਤਾਂ ਵੱਲੋਂ ਜਾਂ ਹਾਕਮ ਪਾਰਟੀ ਵੱਲੋਂ ਇਸਨੂੰ ਸਿਰ ਪਰਨੇ ਕਰ ਦਿਤਾ ਗਿਆ ਹੈ ਅਤੇ ਪੰਜਾਬ ਦੇ ਮਾਮਲੇ ਵਿਚ ਇਹ ਸਪੱਸ਼ਟ ਹੋ ਗਿਆ ਕਿ ਹਾਕਮ ਪਾਰਟੀ ਇਲਜ਼ਾਮ ਤੇ ਅਕਾਲੀਆਂ ਤੇ ਫਿਰਕਾਪ੍ਰਸਤੀ ਦਾ ਲਗਾਂਦੀ ਰਹੀ ਪਰ ਇਹਦਾ ਕੇਡਰ ਖਾਸ ਕਰਕੇ ਹਿੰਦੂ ਕੇਡਰ, ਹਿੰਦੂ ਸਮਤੀਆਂ ਨੂੰ ਜਥੇਬੰਦ ਕਰਨ ਵਿਚ ਰੁੱਝਿਆ ਰਿਹਾ। ਇਸ ਲਈ ਧਰਮ ਨਿਰਪੇਖਤਾ ਦੀ ਰਾਖੀ ਦੀ ਜ਼ਿੰਮੇਵਾਰੀ ਵੀ ਭਾਰਤ ਦੀਆਂ ਜਮਹੂਰੀ ਸ਼ਕਤੀਆਂ ਨੂੰ ਆਪ ਚੁਕਣੀ ਪਏਗੀ।

o ਇਸੇ ਤਰ੍ਹਾਂ ਐਲਾਨ ਹੁੰਦਾ ਹੈ ਕਿ ਅਨੇਕਤਾ ਵਿਚ ਏਕਤਾ ਹੈ, ਪਰ ਅਨੇਕਤਾ ਦੇ ਅਮਲ ਵਿਚ ਘੱਟ ਗਿਣਤੀ ਦੀਆਂ ਕਮਿਊਨਿਟੀਆਂ ਨੂੰ ਆਪਣੀ ਪਛਾਣ ਕਾਇਮ ਰੱਖਣ ਦੀ ਇੱਛਾ ਨੂੰ ਦੇਸ਼ ਵਿਰੋਧੀ ਇੱਛਾ ਕਰਕੇ ਭੰਡਿਆ ਜਾਂਦਾ ਹੈ ਜਿਸਦੇ ਪ੍ਰਤੀਕਰਮ ਵਿਚ ਵੱਖਵੱਦ ਦੀਆਂ ਰੁੱਚੀਆਂ ਪੈਦਾ ਹੁੰਦੀਆਂ ਹਨ। ਇਸ ਅਮਲ ਦਾ ਨੋਟਿਸ ਲੈਣਾ ਵੀ ਜ਼ਰੂਰੀ ਹੈ।

o ਧਾਰਮਿਕ ਪੁਨਰ ਜਾਗ੍ਰਿਤੀ ਜਾਂ ਧਾਰਮਿਕ ਜਨੂੰਨ ਜਾਂ ਵੱਖਵਾਦ ਰੁਝਾਣ ਦਾ ਪੈਦਾ ਹੋਣਾ, ਮੁੱਖ ਤੌਰ ਤੇ ਨਾ-ਬਰਾਬਰ ਆਰਥਿਕ ਵਿਕਾਸ ਦੇ ਅਮਲ ਕਰਕੇ ਹੈ। ਇਸ ਬਾਰੇ ਹੁਣ ਕਾਫੀ ਕੁਝ ਵਿਗਿਆਨਿਕ ਦ੍ਰਿਸ਼ਟੀਕੋਨ ਤੋਂ ਜਾਣਿਆ ਜਾ ਰਿਹਾ ਹੈ। ਪੰਜਾਬ ਦੇ ਸੰਕਟ ਬਾਰੇ ਇਕ ਕਿਤਾਬ ਚੰਡੀਗੜ੍ਹ ਦੇ ਇਕ ਰੀਸਰਚ ਸੈਂਟਰ ਤੋਂ ਬਾਹਰ ਆਈ ਹੈ (ਵਿਸਥਾਰ ਨਾਲ ਇਹਦਾ ਰੀਵੀਊ ਅਗਲੇ ਅੰਕ ਵਿਚ ਦਿਤਾ ਜਾ ਰਿਹਾ ਹੈ) ਪੰਜਾਬ ਦੇ ਪ੍ਰਸੰਗ ਵਿਚ ਇਹ ਕਿਤਾਬ ਇਕ ਬੁਨਿਆਦੀ ਦਸਤਾਵੇਜ਼ ਹੈ। ਹਰਾ ਇਨਕਲਾਬ ਪੰਜਾਬ ਦੇ ਵਿਕਾਸ ਦਾ ਚਿੰਨ੍ਹ ਨਹੀਂ। ਉਹ ਜਮਹੂਰੀ ਸ਼ਕਤੀਆਂ ਜਿਹੜੀਆਂ ਧਾਰਮਿਕ ਪੁੰਨਰ ਜਨਮ ਦੇ ਪਿਛਾਕੜ ਫਲਸਫੇ ਵਿਰੁੱਧ ਸੰਘਰਸ਼ ਕਰਨ ਲਈ ਵਚਣਬੱਧ ਹਨ, ਉਹਨਾਂ ਵਾਸਤੇ ਕਿਸੇ ਸਥਿਤੀ ਦਾ ਵਿਸ਼ਲੇਸ਼ਣ ਕਰਨ ਲਈ ਇਸ ਆਰਥਿਕ ਨਾਬਰਾਬਰੀ ਦੇ ਅੰਸ਼ ਨੂੰ ਜ਼ਰੂਰ ਆਪਣੀ ਦ੍ਰਿਸ਼ਟੀ ਵਿਚ ਰੱਖਣਾ ਪਵੇਗਾ। ਤੇ ਸੂਬੇ ਦੀ ਆਰਥਿਕ ਪਲੈਨਿੰਗ ਵਿਚ ਤਬਦੀਲੀਆਂ ਦੀ ਮੰਗ ਕਰਨੀ ਪਏਗੀ। ਵੱਖਵਾਦ ਨੂੰ ਬਾਹਰਲੀਆਂ ਤਾਕਤਾਂ ਦੀ ਦੇਣ ਕਹਿਣਾ ਮਸਲੇ ਦੀ ਜੜ੍ਹ ਤੋਂ ਇਨਕਾਰੀ ਹੋਣਾ ਹੈ।

o ਪੰਜਾਬ ਦੇ ਮਸਲੇ ਸੋਚਦੇ, ਦੇਸ਼ ਵਿਚ ਵੱਧ ਰਹੇ ਤਾਨਾਸ਼ਾਹੀ ਦੇ ਰੁਝਾਣ ਦਾ ਨੋਟਿਸ ਲੈਣਾ ਜ਼ਰੂਰੀ ਹੈ। ਦਰਪੇਸ਼ ਮਸਲਿਆਂ ਦਾ ਸਹੀ ਹੱਲ ਲੱਭਣ ਦੀ ਥਾਂ, ਪਹਿਲੇ ਉਹਨਾਂ ਨੂੰ ਟਾਲਿਆ ਜਾਣਾ ਤੇ ਫੇਰ ਜਦੋਂ ਉਹਨਾਂ ਦੇ ਹੱਲ ਲਈ ਲੋਕ ਸੰਘਰਸ਼ ਦੇ ਰਾਹ ਤੇ ਪੈਂਦੇ ਹਨ ਤਾਂ ਉਹਨਾਂ ਨੂੰ ਫੌਜ ਦੀ ਤਾਨਾਸ਼ਾਹੀ ਕਾਰਵਾਈ ਨਾਲ ਦਬਾ-ਉਣ ਦੀ ਰੁੱਚੀ ਨੇ ਭਾਰਤ ਦੇ ਵਿਧਾਨ ਦੀ ਪਹਿਲੀ ਵਾਲੀ ਸ਼ਕਲ, ਜਿਸ ਵਿਚ ਇਕ ਸ਼ਹਿਰੀ ਦੇ ਬੁਨਿਆਦੀ ਹੱਕ ਪ੍ਰਮੁੱਖ ਥਾਂ ਰੱਖਦੇ ਸਨ, ਬਿਲਕੁਲ ਹੀ ਵਿਗਾੜ ਦਿਤੀ ਹੈ। ਹਰ ਕਿਸਮ ਦੇ ਤਾਨਾਸ਼ਾਹੀ ਆਰਡੀਨੈਂਸ ਨਾਲ ਸਰਕਾਰ ਨੇ ਆਪਣੇ ਆਪ ਨੂੰ ਲੈਸ ਕਰ ਲਿਆ ਹੈ। ਇਹਨਾਂ ਸਭ ਕਾਰਵਾਈਆਂ ਨੇ ਭਾਰਤ ਦੇ ਇਸ ਕਹਿੰਦੇ ਕਹਿਲਾਂਦੇ ਜਮਹੂਰੀਅਤ ਦੇ ਦੇਸ਼ ਨੂੰ ਇਕ ਪੁਰਖੀ ਰਾਜ ਵਿਚ ਬਦਲ ਦਿਤਾ ਹੈ। ਇਸਦੇ ਵਿਰੁੱਧ ਇਕ ਦੇਸ਼ ਵਿਆਪਕ ਲਹਿਰ ਦੀ ਲੋੜ ਹੈ।

### ooo ਕੀ ਕਰਨਾ ਲੋੜੀਦੇ

ਇਹਨਾਂ ਸਾਰੀਆਂ ਉਤਲੀਆਂ ਗੱਲਾਂ ਨੂੰ ਵਿਚਾਰਦੇ ਹੋਏ ਅਤੇ ਬਹੁਤ ਸਾਰੇ ਸੂਝਵਾਨ ਲੋਕਾਂ ਦੀ ਇਸ ਧਾਰਨਾ ਨੂੰ ਰੱਦ ਨਾਂ ਕਰਦੇ ਹੋਏ ਕਿ ਇਹਨਾਂ ਮਸਲਿਆਂ ਦਾ ਅੰਤਮ ਹਲ, ਇਸ ਸਿਸਟਮ ਨੂੰ ਬੁਨਿਆਦੀ ਤੌਰ ਤੇ ਬਦਲੇ ਬਗੈਰ ਨਹੀਂ ਹੋ ਸਕਦਾ, ਫੌਰੀ ਲੋੜ ਸਿਆਸੀ ਖਲਾਅ ਨੂੰ ਇਕੱਠੇ ਹੋ ਕੇ ਭਰਨ ਦੀ ਹੈ, ਜਾਂ ਇਹ ਕਹਿ ਲਵੋ ਪੰਜਾਬ ਨੂੰ ਫਸਟ ਏਡ ਦੀ ਲੋੜ ਹੈ। ਪਟਿਆਲਾ ਤੋਂ ਕੁਝ ਸਾਥੀਆਂ ਦਾ ਸੁਝਾਅ ਕਿ ਇਕ 'ਪੰਜਾਬ ਪੀਪਲਜ਼ ਪਾਰਟੀ' ਦੀ ਲੋੜ ਹੈ, ਨੂੰ ਥੋੜਾ ਜਿਹਾ ਸੋਧ ਕਰਦੇ ਹੋਏ ਇਸ ਲੋੜ ਨੂੰ **ਪੰਜਾਬ ਪੀਪਲਜ਼ ਫੋਰਮ** ਦੀ ਲੋੜ ਵਿਚ ਬਦਲਕੇ ਇਸ ਦਾ ਸਮਰਥਨ ਸਮਤਾ ਵਲੋਂ ਰੀਕਾਰਡ ਕਰਦੇ ਹਾਂ। ਇਸ ਫੋਰਮ ਵਿਚ ਪੰਜਾਬ ਦੇ ਮਸਲਿਆਂ ਦਾ ਹੱਲ, ਜਿਨਾਂ ਵਿਚ ਆਰਥਿਕ ਨਾਬਰਾਬਰੀਆਂ, ਅਸਾਂਵਾ ਵਿਕਾਸ ਆਦਿ ਸ਼ਾਮਿਲ ਹਨ, ਵਿਗਿਆਨਕ ਸੋਚ ਤੇ ਆਧਾਰਤ ਸਾਂਝੇ ਤੌਰ ਤੇ ਲਭਿਆ ਜਾਏ।

ਇਕ ਪੁਰਖੀ ਤਾਨਾਸ਼ਾਹੀ ਰਾਜ ਦੇਸ਼ ਦੀ ਏਕਤਾ ਲਈ ਵੀ ਖਤਰਾ ਹੈ। ਇਹਦਾ ਮੁਕਾਬਲਾ ਕਰਨ ਲਈ ਸੂਝਵਾਨ ਤੇ ਸੰਘਰਸ਼ਸ਼ੀਲ ਲੋਕਾਂ ਦੀ ਵੱਧ ਤੋਂ ਵਧ ਏਕਤਾ ਕਾਇਮ ਕਰਨ ਦੀ ਲੋੜ ਹੈ।

ਇਹਨਾਂ ਮੰਤਵਾਂ ਲਈ ਵਿਸ਼ਾਲ ਪੱਧਰ ਤੇ ਲੋਕ ਰਾਇ ਲਾਮ ਬੰਦ ਕਰਨ ਲਈ ਇਕ ਸਾਂਝੇ ਫੋਰਮ ਦੀ ਹੋਂਦ ਅੱਜ ਵਡੀ ਲੋੜ ਬਣ ਗਈ ਹੈ।

ਗੁਰਸ਼ਰਨ ਸਿੰਘ